# "ਸ਼ੇਅਰਾਂ ਦਾ ਸ਼ੀਰਾਜ਼ਾ"

(ਮਾਸਟਰ) ਅਮਰੀਕ ਸਿੰਘ
ਅੰਮ੍ਰਿਤਸਰ ਕਲਾਂ
ਸਿਰਸਾ (ਹਰਿਆਣਾ)

ਪ੍ਰਕਾਸ਼ਕ
ਨਾਮਧਾਰੀ ਪੰਜਾਬੀ ਸਾਹਿੱਤ ਸਭਾ
ਸ੍ਰੀ ਜੀਵਨਨਗਰ (ਸਿਰਸਾ)

Sri Satguru Jagjit Singh Ji eLibrary NamdhariElibrary@gmail.com

ਤਜਰਬੇ ਦੀ ਕੁੱਖ ਚੋਂ ਨੇ ਸ਼ੇਅਰ ਮੇਰੇ ਜਨਮਦੇ।
ਪੇਸ਼ਾ-ਵਰ ਸਾਇਰ ਨਹੀਂ ਜੋ ਫੋਕੀਆਂ ਮਾਰਾਂ ਫੜਾਂ।

ਮੈਂ ਕਿਸੇ ਦੇ ਦਿਲ ਨੂੰ ਲਾਕੇ ਕੋਈ ਗੱਲੀ ਆਖੀ ਨਹੀਂ,
ਸੱਚੀਆਂ ਆਖਣ ਤੋਂ ਪਰ ਡਰਿਆ ਨਹੀਂ, ਝੁਕਿਆ ਨਹੀਂ।

ਇਹ ਮੇਰੀ ਪੁਸਤਕ ਹੈ ਗੁਲਦਸਤਾ ਤੁਸਾਂ ਦੀ ਭੇਟ ਹੈ,
ਅੱਡ ਅੱਡ ਫੁੱਲਾਂ ਦੀ ਖੁਸ਼ਬੂ ਸੁੰਘਣਾਂ ਤੇ ਮਾਨਣਾਂ।



ਲੇਖਕ :-

# (ਮਾਸਟਰ) ਅਮਰੀਕ ਸਿੰਘ

ਅੰਮ੍ਰਿਤਸਰ ਕਲਾਂ
ਸਿਰਸਾ (ਹਰਿਆਣਾ)

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

# "ਸ਼ੇਅਰਾਂ ਦਾ ਸ਼ੀਰਾਜ਼ਾ"


## (ਮਾਸਟਰ) ਅਮਰੀਕ ਸਿੰਘ

ਅੰਮ੍ਰਿਤਸਰ ਕਲਾਂ

ਸਿਰਸਾ (ਹਰਿਆਣਾ)



ਪ੍ਰਕਾਸ਼ਕ

## ਨਾਮਧਾਰੀ ਪੰਜਾਬੀ ਸਾਹਿੱਤ ਸਭਾ

ਸ੍ਰੀ ਜੀਵਨਨਗਰ (ਸਿਰਸਾ)



Sri Satguru Jagjit Singh Ji eLibrary NamdhariElibrary@gmail.com

## SHAIRAN DA SHIRAZA

**By :-**
**Amrik Singh**
AMRITSAR KALAN
Sirsa-125102 (Hry.)

Copy : 500

ਪਹਿਲੀ ਵਾਰ ਜੁਲਾਈ 2000

ਮੁੱਲ : 50 ਰੁਪਏ

ਸਭ ਹੱਕ ਲੇਖਕ ਦੇ ਰਾਖਵੇਂ

ਪ੍ਰਕਾਸ਼ਕ :-

ਨਾਮਧਾਰੀ ਪੰਜਾਬੀ ਸਾਹਿੱਤ ਸਭਾ
ਸ੍ਰੀ ਜੀਵਨਨਗਰ (ਸਿਰਸਾ)

ਟਾਈਪ ਸੈਟਿੰਗ :-
ਨਵੀਨ ਕੁਮਾਰ, ਐਲਨਾਬਾਦ

### ਏਸੇ ਕਲਮ ਤੋਂ :-

| | | |
|---|---|---|
| 1. | ਪਹਿਲਾ ਉਭਾਰ | (ਪੰਜਾਬੀ ਕਵਿਤਾ) |
| 2. | ਪੰਖੜੀਆਂ | (ਕਵਿਤਾ) |
| 3. | ਗ਼ਮ ਦੀ ਮਹਿਕ | (ਗਜ਼ਲ ਸੰਗ੍ਰਹਿ) ਪੰਜਾਬੀ |
| 4. | ਦਰਦ ਦਾ ਅਹਿਸਾਸ | (ਗਜ਼ਲ ਸੰਗ੍ਰਹਿ) ਪੰਜਾਬੀ |
| 5. | ਮਿੱਠੀਆਂ ਮਿਰਚਾਂ | (ਵਿਅੰਗ) ਪੰਜਾਬੀ |
| 6. | "ਦੋਹੋਂ ਕੇ ਜਾਮ, ਨੇਤਾਓਂ ਕੇ ਨਾਮ" | (ਹਿੰਦੀ ਦੋਹੇ) |
| 7. | ਸ਼ੇਅਰਾਂ ਦਾ ਸ਼ੀਰਾਜ਼ਾ | (ਹੱਥਲੀ ਪੁਸਤਕ) |
| 8. | ਜੀਵਣ ਜੱਸ | (ਪ੍ਰੈਸ ਵਿੱਚ) |

Sri Satguru Jagjit Singh Ji eLibrary NamdhariElibrary@gmail.com

# ਸਮਰਪਤ

"ਬਹੁਤ ਹੀ ਪਿਆਰੀ ਮੇਰੀ ਮਾਤਾ ਲਾਭ ਕੌਰ ਜੀ
ਦੇ ਚਰਨਾਂ ਵਿਚ, ਜਿਸ ਵਰਗੀ ਠੰਢੀ ਤੇ
ਸੰਘਣੀ ਛਾਂ ਰੱਬ ਸਭ ਨੂੰ ਦੇਵੇ"

Sri Satguru Jagjit Singh Ji eLibrary NamdhariElibrary@gmail.com

# ਲੇਖਕ ਬਾਰੇ

| | | |
|---|---|---|
| ਨਾਮ | : | ਮਾ. ਅਮਰੀਕ ਸਿੰਘ |
| ਪਿਤਾ | : | ਸਵਰਗੀ ਸਰਦਾਰ ਕਰਤਾਰ ਸਿੰਘ ਹੰਜਰਾ |
| ਮਾਤਾ | : | ਸਰਦਾਰਨੀ ਲਾਭ ਕੌਰ |
| ਜ਼ਨਮ ਸਥਾਨ | : | ਪਿੰਡ ਲਾਲੇਪੁਰ ਜ਼ਿਲਾ ਗੁਜ਼ਰਾਂਵਾਲਾ (ਪਾਕਿਸਤਾਨ) |
| ਜਨਮ | : | 1-1-1930 |
| ਨਿਵਾਸ | : | ਅੰਮ੍ਰਿਤਸਰ ਕਲਾਂ ਜ਼ਿਲਾ ਸਿਰਸਾ (ਹਰਿਆਣਾ) |
| ਵਿਹਾਰ | : | 1957-1976, ਅਧਿਆਪਕ,<br>ਸ੍ਰੀ ਗੁਰੂ ਹਰੀ ਸਿੰਘ ਮਹਾਵਿਦਿਆਲਾ, ਸ੍ਰੀ ਜੀਵਨਨਗਰ |
| | : | 1985-1997, ਮੈਨੇਜਰ,<br>ਸ੍ਰੀ ਗੁਰੂ ਹਰੀ ਸਿੰਘ (ਕੱਾਲਜ) ਤੇ ਸਕੂਲ, ਸ੍ਰੀ ਜੀਵਨਨਗਰ |
| | : | 1998 ਤੋਂ ਮੈਨੇਜਰ,<br>ਅਨੂਪਮ ਪਬਲਿਕ ਸਕੂਲ,<br>ਡਬਵਾਲੀ ਰੋਡ, ਐਲਨਾਬਾਦ (ਸਿਰਸਾ) |

Sri Satguru Jagjit Singh Ji eLibrary NamdhariElibrary@gmail.com

# ਅਪਣੇ ਵਲੋਂ

ਮੈਂ ਇਸ "ਸ਼ੇਅਰਾਂ ਦੇ ਸ਼ੀਰਾਜ਼ੇ" ਬਾਰੇ ਬਹੁਤ ਕੁਝ ਲਿਖਣ ਲਈ ਸੋਚ ਰੱਖਿਆ ਸੀ ਪਰ ਐਨ ਮੌਕੇ ਤੇ ਮੇਰੀ ਸਲਾਹ ਬਦਲ ਗਈ। ਏਸ ਪੁਸਤਕ ਬਾਰੇ ਕੁੱਝ ਕਹਿਣ ਵਾਲੀ ਗੱਲ ਮੈਂ ਅਪਣੇ ਪਿਆਰੇ ਸ਼ੇਅਰਾਂ ਉਤੇ ਹੀ ਛੱਡ ਦਿੱਤੀ ਹੈ, ਹੁਣ ਸ਼ੇਅਰ ਹੀ ਸੁਹਿਰਦ ਪਾਠਕਾਂ ਨੂੰ ਅਪਣਾਂ ਆਪ ਪੇਸ਼ ਕਰਨਗੇ। ਮੈਂ ਤਾਂ ਬੱਸ ਇਕ ਗੱਲ ਅਪਣੇ ਸ਼ੇਅਰ ਰਾਹੀਂ ਹੀ ਕਹੀ ਹੈ :-

**ਸ਼ੇਅਰ ਮੇਰੇ ਨੇ ਮੋਤੀ ਹੀਰੇ, ਪਰਖਣ ਵਾਲੇ ਪਰਖਣਗੇ,**
**ਅਸਾਂ ਤਾਂ ਧੁਰ ਅੰਦਰ ਦੀ ਗੱਲ ਬੱਸ, ਸ਼ੇਅਰਾਂ ਰਾਹੀਂ ਕੀਤੀ ਏ।**

ਜਾਂ

**ਕੰਪਨੀਆਂ ਦੇ "Share" ਨਹੀਂ ਜੋ ਵਿਚ ਬਾਜ਼ਾਰ ਦੇ ਵਿਕਦੇ,**
**ਮੇਰੇ ਸ਼ੇਅਰ ਤਾਂ ਪੜ੍ਹਣ ਵਾਲੇ ਨੂੰ ਜੀਵਨ ਦਾਨ ਬਖ਼ਸ਼ਦੇ।**

**ਅਮਰੀਕ ਸਿੰਘ**

ਮਿਤੀ : 5 ਅਗਸਤ 2000

ਅੰਮ੍ਰਿਤਸਰ ਕਲਾਂ
ਜ਼ਿਲਾ ਸਿਰਸਾ
ਹਰਿਆਣਾ

Sri Satguru Jagjit Singh Ji eLibrary NamdhariElibrary@gmail.com

मंरेस

AJAY SINGH CHAUTALA
MEMBER OF PARLIAMENT
(LOK SABHA)

सत्यमेव जयते

100, LODHI ESTATE
NEW DELHI - 110 003.
011-4649921-31-51

CHAUTALA HOUSE, SIRSA
01666-24015, 31129

280, VIKAS NAGAR, BHIWANI
01664-40044

No- 108/MP/SSA.

दिनांक 25-6-2000

## सन्देश

मुझे यह जान कर प्रसन्नता हुई कि मास्टर अमरीक सिंह जी की पुस्तक "शेयरां दा सिराजा" शीघ्र प्रकाशित हो रही है। मास्टर अमरीक सिंह जी की साहित्यिक प्रतिभा से इस पुस्तक के पाठकों को नई दिशा प्रदान होगी। मैं मास्टर जी के उज्जवल भविष्य की कामना करता हूं।

आप का शुभेच्छु
अजय सिंह चौटाला
सांसद

[signature] 25/6

**संदेश**

**Ch. Bhagi Ram**
M.L.A.
ELLENABAD

Ph. : 01698-20954(O)
20155(R)
Mameran Rd., Ellenabad
Distt. Sirsa (Hry.)

Ref. No. 939/1

Dated 5/8/2000

मुझे यह जानकर अति प्रसन्नता हुई कि मेरे हल्के के प्रसिद्ध साहित्यकार मास्टर अमरीक सिंह जी की नवीनतम साहित्यक कृति "शिअरां दा शिराज़ा" शीर्षक के तहत शीघ्र प्रकाशित हो रही है। अमृतपर कलां जैसी ग्रामीण पृष्ठभूमी से जुड़े मा. अमरीक सिंह जी ने इससे पहले भी अनेक साहित्यक कृतियां देकर पंजाबी एवं हिन्दी साहित्य को जो अमूल्य योगदान दिया है, वह अपने आप में जहां एक अमूल्य निधि है वहीं हमारे लिए भी एक गौरव का विषय है।

मास्टर जी की नवजात कृति 'शिअरां दा शिराज़ा', पंजाबी साहित्य जगत में एक मील का पत्थर साबित होगी, यही मेरी आकांक्षा, विश्वास एवंम् शुभ कामना भी है।

भागीराम MLA
Ellenabad

# ਧੰਨਵਾਦ

ਮੈਂ ਅੰਤਰ ਹਿਰਦਿਓਂ ਹੇਠ ਲਿਖੇ ਸੱਜਣਾਂ ਦਾ ਧੰਨਵਾਦ ਕਰਦਾ ਹਾਂ ਜਿੰਨ੍ਹਾਂ ਨੇ ਏਸ ਪੁਸਤਕ ਦੇ ਛਪਣ ਵਿਚ ਮੇਰੀ ਬਹੁਤ ਸਹਾਇਤਾ ਕੀਤੀ।

**1. ਡਾ. ਈਸ਼ਰ ਸਿੰਘ ਜੀ ਤਾਂਘ, ਪਟਿਆਲਾ**

ਜਿਨ੍ਹਾਂ ਵੱਖ ਵੱਖ ਮੌਕਿਆਂ ਤੇ ਸ਼ੇਅਰ ਕਹਿਣ ਦੀ ਸਿਨਫ਼ ਨਾਲ ਮੈਨੂੰ ਜਾਣੂ ਕਰਾਇਆ

**2. ਡਾ. ਜੀ.ਡੀ. ਚੌਧਰੀ ਸਾਹਿਬ, ਸਿਰਸਾ**

ਜਿਨ੍ਹਾਂ ਮੇਰੇ ਸ਼ੇਅਰਾਂ ਦੇ ਖਰੜੇ ਨੂੰ ਪੜ੍ਹ ਕੇ ਸੋਧਿਆ ਤੇ ਛਪਣ ਯੋਗ ਬਨਾਇਆ

**3. ਸ. ਗੁਰਜੀਤ ਸਿੰਘ ਸੰਧੂ, ਸੰਤਨਗਰ**

ਜਿਨ੍ਹਾਂ ਤੋਂ ਮੈਂ 30000 ਰੁਪੈ ਹੁਧਾਰ ਲਏ ਪਰ ਸਣੇ ਵਿਆਜ ਦੇਣ ਗਿਆ ਤਾਂ ਉਹਨਾਂ ਦੋ ਸਾਲਾਂ ਦੀ ਸਾਰੀ ਵਿਆਜ ਛੱਡ ਦਿੱਤੀ। ਉਸੇ ਬਚੇ ਪੈਸੇ ਨਾਲ ਹੀ ਮੈਂ ਇਹ ਪੁਸਤਕ ਛਪਵਾਓਣ ਯੋਗ ਹੋਇਆ।

**4. ਮਾ. ਕੁਲਵਿੰਦਰ ਸਿੰਘ ਜੀ ਕਥੂਰੀਆ, ਐਲਨਾਬਾਦ**

ਇਹਨਾਂ ਨੇ ਬੜੀ ਦੌੜ ਭੱਜ ਕਰਕੇ ਏਸ ਪੁਸਤਕ ਨੂੰ ਵਧੀਆ ਬਨਾਉਣ, ਛਪਵਾਉਣ ਤੇ ਲੋਕਾਂ ਤਕ ਪੁਚਾਉਣ ਲਈ ਮੈਨੂੰ ਭਰਪੂਰ ਹਲਾ-ਸ਼ੇਰੀ ਦਿੱਤੀ। ਇਹਨਾਂ ਦਾ ਸਹਾਰਾ ਨਾ ਮਿਲਦਾ ਤਾਂ ਇਹ ਪੁਸਤਕ ਇਤਨੀ ਜਲਦੀ ਤੇ ਇਤਨੀ ਅੱਛੀ ਨਾਂ ਛਪ ਸਕਦੀ।

**5. ਸ੍ਰੀ ਸੁਰਿੰਦਰ ਭੱਟ ਸਾਹਿਬ, ਕੁਪਵਾੜਾ (ਕਸ਼ਮੀਰ)**

ਜਿਨ੍ਹਾਂ ਦੀ ਵਿਦਵਤਾ ਨੇ ਮੇਰੇ ਸ਼ੇਅਰਾਂ ਨੂੰ ਕਬੂਲ ਕੀਤਾ ਤੇ ਉਹਨਾਂ ਨੂੰ ਛਪਵਾ ਕੇ ਲੋਕਾਂ ਤਕ ਪੁਚਾਓਣ ਲਈ ਮੇਰਾ ਬਹੁਤ ਦਿਲ ਵਧਾਇਆ।

**6. ਨਾਮਧਾਰੀ ਪੰਜਾਬੀ ਸਾਹਿਤ ਸਭਾ ਦੇ ਮੈਂਬਰਾਂ ਦਾ**

ਜਿਨ੍ਹਾਂ ਨੇ ਮੇਰੀ ਹਰ ਕਦਮ ਤੇ ਯੋਗ ਅਗਵਾਈ ਕੀਤੀ ਤੇ ਮੈਨੂੰ ਕੁਝ ਲਿਖਦੇ ਰਹਿਣ ਲਈ ਪਰੇਰਨਾਂ ਦਿੱਤੀ।

**7. ਸ. ਪ੍ਰੀਤਮ ਸਿੰਘ ਜੀ ਕਵੀ, ਸ੍ਰੀ ਭੈਣੀ ਸਾਹਿਬ**

ਜੋ ਸਾਰੀ ਉਮਰ ਮੇਰੀ ਪਰੇਰਨਾਂ ਸਰੋਤ ਰਹੇ ਤੇ ਮੇਰੇ ਸਾਹਿਤੱਕ ਜੀਵਨ ਨੂੰ ਅਰੰਭ ਤੋਂ ਲੈ ਕੇ ਹੁਣ ਤਕ ਉਤਸ਼ਾਹ ਬਖਸ਼ਦੇ ਰਹੇ।

**8. ਸ੍ਰੀ ਨਵੀਨ ਕੁਮਾਰ, ਐਲਨਾਬਾਦ**

ਜਿੰਨ੍ਹਾਂ ਨੇ ਪੰਜਾਬੀ ਵਿਚ ਟਾਈਪ ਸੈਟਿੰਗ ਕਰਕੇ ਐਲਨਾਬਾਦ ਵਿਚ ਹੀ ਪੁਸਤਕ ਸੈਟਿੰਗ ਕਰ ਕੇ ਮੇਰੀ ਦੂਰ ਜਾਕੇ ਪੁਸਤਕ ਦੀ ਟਾਈਪ ਸੈਟਿੰਗ ਦੀ ਸਰਦਰਦੀ ਨੂੰ ਖਤਮ ਕੀਤਾ।

ਅੰਤ ਵਿਚ ਮੈਂ ਅਪਣੀ ਰਚਨਾਂ ਦੇ ਮਹਿਵਰ, ਮੇਰੇ ਹਿਰਦੇ ਸਪਰਾਟ **ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ** ਦਾ ਕੋਟਾਨ ਕੋਟ ਧੰਨਵਾਦ ਕਰਦਾ ਹਾਂ ਜਿੰਨ੍ਹਾਂ ਦੀ ਕਿਰਪਾ ਸਦਕਾ ਹੀ ਮੈਨੂੰ ਉਪਰਲੇ ਸਭ ਸੱਜਣਾਂ ਦਾ ਸਹਿਯੋਗ ਮਿਲ ਸਕਿਆ

ਅਮਰੀਕ ਸਿੰਘ

Sri Satguru Jagjit Singh Ji eLibrary NamdhariElibrary@gmail.com

# "ਸ਼ੇਅਰਾਂ ਦਾ ਸ਼ੀਰਾਜ਼ਾ"

ਲੇਖਕ :

**ਅਮਰੀਕ ਸਿੰਘ**

Sri Satguru Jagjit Singh Ji eLibrary NamdhariElibrary@gmail.com

# ਤਤਕਰਾ

ਸਫ਼ਾ

ਪਹਿਲਾ ਭਾਗ

ਸ਼ੇਅਰ.......................................................1-72

ਦੂਜਾ ਭਾਗ

ਪੰਜਾਬੀ ਦੋਹਿਰੇ..................................73-86

Sri Satguru Jagjit Singh Ji eLibrary NamdhariElibrary@gmail.com

ਬਣੀ ਹੈ ਕਿਸ ਕਿਸਮ ਦੀ ਧਾਤ ਦੀ ਦੇਹੀ ਮੇਰੀ ਯਾਰੋ,
ਇਹ ਪਾਰਸ ਨਾਲ ਛੋਹ ਕੇ ਵੀ ਤਾਂ ਸੋਨਾਂ ਬਣ ਨਹੀਂ ਪਾਈ।

ਮੁਸੀਬਤ ਵਿਚ ਹੀ ਜੰਮਿਆ ਸਾਂ ਮਰਾਂਗਾਂ ਵਿਚ ਮੁਸੀਬਤ ਦੇ,
ਮੇਰੇ ਜੀਵਨ ਦਾ ਹਰ ਪਲ ਹੀ ਮੁਸੀਬਤ ਦੀ ਕਹਾਣੀ ਹੈ।

ਹਜ਼ਾਰਾਂ ਨੇ ਮੇਰੇ ਕੋਲੋਂ ਦੀ ਲੰਘ ਕੇ ਮਨਜ਼ਲਾਂ ਪਾਈਆਂ,
ਸੜਕ ਦੇ ਮੀਲ ਵਾਂਗੂ ਮੈਂ ਖੜਾ ਤਕਦਾ ਰਿਹਾਂ ਸਭ ਨੂੰ।

ਜ਼ਮਾਨੇ ਖ਼ੂਬ ਤਕਿਆ ਏ ਤਮਾਸ਼ਾ ਮੇਰੇ ਜੀਵਨ ਦਾ,
ਮਗਰ ਹਮਦਰਦ ਨਜ਼ਰਾਂ ਨੂੰ ਮੇਰੀ ਇਹ ਜਾਨ ਤਰਸੀ ਹੈ।

ਹਵਾ ਦਾ ਤੇਜ਼ ਬੁੱਲਾ ਬਨ ਜਵਾਨੀ ਲੰਘ ਗਈ ਕੋਲੋਂ,
ਹੁਣ ਉਸ ਦੀ ਯਾਦ, ਘੱਟਾ ਬਣ ਕੇ ਅੱਖਾਂ ਵਿਚ ਰੜਕਦੀ ਹੈ।

ਲੰਘ ਗਏ ਕੋਲੋਂ ਦੀ ਨੀਵੀਂ ਨਜ਼ਰ ਕਰ,
ਉਹ ਜਿਵੇਂ ਮੇਰੇ ਸੀ ਕਰਜ਼ਾਈ ਕਦੇ।



Sri Satguru Jagjit Singh Ji eLibrary NamdhariElibrary@gmail.com

ਵਫ਼ਾ ਉਮਰ ਭਰ ਦੀ ਗਈ ਏ ਅਜਾਈਂ,
ਦੁਆਨੀ ਦਾ ਮੁੱਲ ਵੀ ਨਾਂ ਮਿੱਤਰਾਂ ਨੇ ਪਾਇਆ।

ਮੈਂ ਕਿਸ ਬੇ-ਕਦਰ ਨੂੰ ਹੈ ਦਿਲ ਭੇਟ ਕੀਤਾ,
ਮਤੀਰਾ ਸਮਝ ਚੀਰ ਖਾ ਹੀ ਗਇਆ ਏ।

ਯਾਰ ਖ਼ਾਤਰ ਛੱਡਿਆ ਸਾਰਾ ਜਹਾਂ,
ਉਹ ਵੀ ਸਦ ਅਫ਼ਸੋਸ ਅਪਣਾਂ ਨਾਂ ਰਿਹਾ।

ਮੈਂ ਆਇਆ ਸਾਂ ਦੁੱਖ ਤੈਨੂੰ ਆਪਣੇ ਸੁਨਾਵਣ,
ਤੇਰੀ ਵੇਖ ਹਾਲਤ ਮੈਂ ਦੁਖ ਅਪਣਾਂ ਭੁਲਿਆਂ।

ਮੈਂ ਇਸ ਦੇਸ ਨੂੰ ਹੁਣ ਕਹਾਂ ਕਿੰਜ ਅਪਣਾਂ,
ਕੋਈ ਵੀ ਨਾਂ ਏਥੇ ਰਿਹਾ ਹੁਣ ਤੇ ਅਪਣਾਂ।

ਜਿਵੇਂ ਮੁਸ਼ਕਲਾਂ ਨਾਲ ਤੈਨੂੰ ਸੀ ਪਾਇਆ,
ਤਿਵੇਂ ਹੁਣ ਭੁਲਾਣਾ ਵੀ ਮੁਸ਼ਕਿਲ ਬੜਾ ਏ।



Sri Satguru Jagjit Singh Ji eLibrary NamdhariElibrary@gmail.com

✣

ਮੱਥੇ ਤੇ ਦੋ ਵਾਲ ਅਵਾਰਾ ਫਿਰਦੇ ਨੇ,
ਵੇਖ ਕੇ ਦਿਲ ਆਵਾਰਾ ਹੋਣ ਨੂੰ ਫਿਰਦਾ ਏ।

✣

ਜਦੋਂ ਤਕ ਤੂੰ ਰਿਹੋਂ ਅਪਣਾਂ ਇਹ ਕੁਲ ਸੰਸਾਰ ਸੀ ਅਪਣਾਂ,
ਤੂੰ ਕੰਡ ਦੇ ਕੇ ਗਿਓਂ ਬੱਸ ਹੋ ਗਏ ਸਾਰੇ ਹੀ ਬੇਗਾਨੇ।

✣

ਪਰਾਈ ਪੀੜ ਨੂੰ ਮੈਂ ਅਪਣੀ ਪੀੜਾ ਹੀ ਸਦਾ ਜਾਤੈ,
ਕਿਸੇ ਨੇ ਸਮਝਿਆ ਨਾ ਪਰ ਮੇਰੀ ਅੰਦਰ ਦੀ ਪੀੜਾ ਨੂੰ।

✣

ਮੱਥੇ ਦੀਆਂ ਲਕੀਰਾਂ ਸ਼ਾਹਾਂ ਜੇਹੀਆਂ ਨੇ,
ਪਰ ਹਾਲਾਤ ਨੇ ਰੰਕ ਅਸਾਨੂੰ ਕੀਤਾ ਏ।

✣

ਕਦ ਤਕ ਦਰ-ਦਰ ਚੈਣ ਦੀ ਖਾਤਰ ਭਟਕਾਂਗੇ,
ਉਮਰ ਥੁਰੇੜੀ ਭਟਕਣ ਸਾਡੀ ਜਨਮਾਂ ਦੀ।

✣

ਗਮ ਸਾਡੇ ਦਾ ਕਿਹੜਾ ਭਾਈ ਵਾਲ ਬਣੇ,
ਕਿਸ ਨੂੰ ਵਿਹਲ ਹੈ ਸਾਡੀ ਹਾਲਤ ਵੇਖਣ ਦੀ।

✣



Sri Satguru Jagjit Singh Ji eLibrary NamdhariElibrary@gmail.com

ਅਪਣੇ ਹੀ ਨਾਂ ਆਪਣੇ ਬਣ ਕੇ ਰਹਿਣ ਜਦੋਂ,
ਕੀ ਅਫਸੋਸ ਜੇ ਕੀਤਾ ਵਾਰ ਪਰਾਇਆਂ ਨੇ।

✣

ਗੱਲ ਕਰਨ ਤੋਂ ਪਹਿਲਾਂ ਇਕ ਪਲ ਸੋਚ ਲਵੋ,
ਮੂਹੋਂ ਨਿਕਲੀ ਗੱਲ ਨਾਂ ਮੂੰਹ ਵਿਚ ਪੈਂਦੀ ਏ।

✣

ਸੌ ਸੌ ਕਰਨ ਗੁਨਾਹ ਪਰ ਬਖ਼ਸ਼ੇ ਜਾਂਦੇ ਨੇ,
ਇਕ ਗੁਨਾਹ ਵੀ ਸਾਡਾ ਯਾਰ ਨਾਂ ਮਾਫ ਕਰੇ।

✣

ਸਾਵਨ ਦਾ ਅਜ ਬੱਦਲ ਰਜ ਰਜ ਵੱਸਿਆਏ,
ਰੂਹ ਸਾਡੀ ਪਰ ਅਜੇ ਵੀ ਬਹੁਤ ਪਿਆਸੀ ਏ।

✣

ਓਸ ਦੇ ਮੂਹਰੇ ਨਾਂ ਦਿਲ ਦਾ ਦਰਦ ਕਹਿ,
ਪੱਥਰਾਂ ਨੂੰ ਦਰਦ ਦਾ ਅਹਿਸਾਸ ਕੀ।

✣

ਜੀਵਨ ਦਾ ਹਰ ਪਲ ਹੀ ਉਂਜ ਤਾ ਦੁਰਲੱਭ ਹੈ,
ਸੱਜਣਾਂ ਨਾਲ ਜੋ ਬੀਤੇ ਘੜੀ ਸੁਲੱਖਣੀ ਏ।

✣

✣



Sri Satguru Jagjit Singh Ji eLibrary NamdhariElibrary@gmail.com

ਲੋਕ-ਰੋਹ ਤੋਂ ਬਚਨ ਖਾਤਰ ਹਾਕਮਾਂ,
ਸ਼ੀਸ਼ਿਆਂ ਦੀ ਥਾਂ ਲਵਾਈਆਂ ਜਾਲੀਆਂ।

ਕੁਰਸੀ ਵਾਲੇ ਸ਼ਿਸ਼ਟਾਚਾਰ ਤੋਂ ਖਾਲੀ ਨੇ,
ਏਸ ਨੂੰ ਛਡਿਆਂ ਬਾਝ ਨਾਂ ਕੁਰਸੀ ਮਿਲਦੀ ਏ।

ਪਿੰਡਾਂ ਵਲ ਨੂੰ ਜਾਣ ਵਾਲੀਆਂ ਬੱਸਾਂ ਨੂੰ,
ਚਲਦਾ ਫਿਰਦਾ ਨਰਕ ਕਹੋ ਤਾਂ ਚੰਗਾ ਏ।

ਭਾਈ ਭਾਈ ਆਪਸ ਵਿਚ ਪੈ ਲੜਦੇ ਨੇ,
ਨੇਤਾਵਾਂ ਦੀ ਡੂੰਘੀ ਚਾਲ ਦਾ ਕ੍ਰਿਸ਼ਮਾ ਏ।

ਧੀਆਂ ਵਾਲਿਆਂ ਤਾਈਂ ਨਾਂ ਮਜਬੂਰ ਕਰੋ,
ਨੂੰਹਾਂ ਦਾਜ ਨੂੰ ਹਥ ਲਾਣ ਨਾਂ ਦੇਣ ਗੀਆਂ।

ਸਾਡੇ ਨਾਲ ਜੇ ਚੱਲਣਾਂ ਹੈ ਤਾਂ ਹਿਰਦਾ ਰਖ ਆਕਾਸ਼ ਜਿਹਾ,
ਊਠ-ਸਵਾਰਾਂ ਸੰਗ ਨਿਹੋਂ ਲਾ ਕੇ ਬੂਹੇ ਨੀਵੇਂ ਰਖੀਏ ਨਾਂ।



Sri Satguru Jagjit Singh Ji eLibrary NamdhariElibrary@gmail.com

ਇਹ ਥਾਂ ਥਾਂ ਜੋ ਧੁਖਦੀ ਏ ਅੱਗ ਨਫਰਤਾਂ ਦੀ,
ਇਹ ਨੇਤਾ-ਗਣਾਂ ਦੀ ਹੀ ਲਾਈ ਹੋਈ ਏ।

ਅੱਗ ਪਾਣੀਆਂ ਵਿਚ ਜ਼ਾਲਮੋ ਲਾਓ ਨਾਂ,
ਢੰਗ ਨਾਂ ਜੇ ਕਰ ਜਾਣੋ ਅੱਗ ਬੁਝਾਵਨ ਦਾ।

ਮਰਨ ਬਹਾਦਰ, ਜੀਵਨ ਦੇ ਵਿਚ ਇਕ ਵੇਰਾਂ,
ਪਰ ਕਾਇਰ ਤਾਂ ਪਲ ਪਲ ਪਿਛੋਂ ਮਰਦੇ ਨੇ।

ਦੂਜਿਆਂ ਤੇ ਗੰਦ ਉਛਾਲਣ ਵਾਲਿਓ,
ਆਪਣੇ ਕੱਪੜੇ ਬਚਾਓਗੇ ਕਿਵੇਂ।

ਸਾਰੀ ਉਮਰਾ ਮਰ ਮਰ ਕੇ ਜੋ ਜੀਂਦੇ ਨੇ,
ਐਸੇ ਜੀਵਨ ਨਾਲੋਂ ਮਰਨ ਚੰਗੇਰਾ ਏ।

ਹੱਵਸ ਦੇ ਸ਼ਿਕਾਰ ਹੋ ਕਰੋ ਦੌੜ ਭਜ ਨਾਂ,
ਸਬਰ ਬਿਨ ਮਨੁੱਖ ਦੀ ਨਾਂ ਭੁਖ ਮਿਟ ਸਕੇਗੀ।



Sri Satguru Jagjit Singh Ji eLibrary NamdhariElibrary@gmail.com

ਉੱਜ ਵੇਖਣ ਨੂੰ ਅਸੀਂ ਆਜ਼ਾਦ ਹਾਂ,
ਰੂਹ ਅਸਾਡੀ ਨੂੰ ਗੁਲਾਮੀ ਜਕੜਿਆ।

ਮਿਲੇ ਜੇ ਖ਼ੁਸ਼ੀ ਫੁੱਲ ਕੁੱਪੇ ਨਾਂ ਬਣੀਏ,
ਗਮੀ ਵੇਲੇ ਬਹੁਤਾ ਸੁਕੜਨਾਂ ਨਾ ਪੈ ਜੈ।

ਮੇਰੀ ਜ਼ਿੰਦਗੀ ਵਿਚ ਇਹ ਰੁੱਤ ਕੈਸੀ ਆਈ,
ਖ਼ਿਜ਼ਾਂ ਤੇ ਬਹਾਰਾਂ ਚ' ਅੰਤਰ ਰਿਹਾ ਨਾਂ।

ਉਹ ਰੱਬ ਜਿਸ ਨੂੰ ਜੰਗਲਾਂ ਚ' ਲੱਭਦੇ ਹੋ ਫਿਰਦੇ,
ਜ਼ਰਾ ਬੰਦਿਆਂ ਦੇ ਦਿਲਾਂ ਨੂੰ ਤਾਂ ਫੋਲੋ।

ਜੋ ਹਾਕਮ ਸਮਝਦੇ ਨੇ ਲੋਕਾਂ ਨੂੰ ਭੇਡਾਂ,
ਬੜੀ ਛੇਤੀ ਮਿੱਟੀ ਚ' ਮਿਲ ਜਾਣਗੇ ਉਹ।

ਸਾਰੀ ਉਮਰ ਲੰਘਾਈ ਥਾਂ ਥਾਂ ਫਿਰ ਫਿਰ ਕੇ,
ਜੀਵਨ ਜਾਚ ਨਾਂ ਸਾਨੂੰ ਐ ਪਰ ਆਈਏ।



Sri Satguru Jagjit Singh Ji eLibrary NamdhariElibrary@gmail.com

✣

ਰੱਬ ਨਹੀਂ ਬੋਲਾ ਸਪੀਕਰ ਲਾਓ ਨਾਂ,
ਸਹਿਜ ਮਿੱਠੜੇ ਬੋਲ ਸੁਣੇ ਇਨਸਾਨਾਂ ਦੇ।

✣

ਮੇਰੇ ਅੰਧ ਵਿਸ਼ਵਾਸ਼ ਦੀ ਅੰਤਮ ਸੀਮਾਂ ਵੇਖੋ,
ਰੱਬ ਜਾਣ ਕੇ ਪੱਥਰਾਂ ਨੂੰ ਮੈਂ ਪੂਜ ਰਿਹਾ ਹਾਂ।

✣

ਅਜ ਮਾਹੌਲ ਚ' ਘੁਟਣ ਅਜੇਹੀ ਵਧ ਗਈ ਏ,
ਤਕੜੇ ਕਿਸੇ ਤੂਫਾਨ ਦੀ ਆਮਦ ਆਮਦ ਹੈ।

✣

ਕੌਣ ਕਿਸੇ ਦੇ ਸੰਗ ਹਮਦਰਦੀ ਕਰਦਾ ਏ,
ਅਪਣੀ ਗਰਜ਼ ਦੇ ਮਾਰੇ ਸਾਰੇ ਫਿਰਦੇ ਹਾਂ।

✣

ਦਰਦ-ਅਸਾਡੇ ਦਿਲ ਦਾ ਮਹਿੰਗਾ ਗਹਿਣਾਂ ਏ,
ਪਰ ਇਸ ਦਾ ਅਹਿਸਾਸ ਕਿਤੇ ਵਡ-ਮੁੱਲਾ ਏ।

✣

ਵੇਖਿਆ ਏ ਜ਼ਿੰਦਗੀ ਇਕ ਐਸਾ ਅਧਭੁਤ ਰਾਜ਼ ਹੇ,
ਜੋ ਛੁਪਾਇਆਂ ਨਾਂ ਛਿਪੇ ਤੇ ਖੋਲਿਆਂ ਖੁੱਲਦਾ ਨਹੀਂ।

✣



Sri Satguru Jagjit Singh Ji eLibrary NamdhariElibrary@gmail.com

✣

ਦੇਣ ਵਾਲੇ ਦੇ ਕੇ ਸਾਨੂੰ ਦਰਦ ਰਾਹੇ ਪੈ ਗਏ,
ਪਰ ਵਰੀ ਦੇ ਸੂਟ ਵਾਂਗੂ ਹੀ ਹੰਢਾਇਐ ਏਸ ਨੂੰ।[1]

✣

ਵੱਸਦਾ ਨਹੀਂ ਜਾਂ ਵੱਸਦਾ ਬੱਸ ਨਾਂ ਕਰਦਾ ਏ,
ਬੱਦਲ ਵੀ ਜਜ਼ਬਾਤੀ ਬੰਦੇ ਵਰਗਾ ਹੈ।

✣

ਹਮਦਰਦਾਂ ਦਾ ਦੇਸ ਪਤਾ ਨਹੀਂ ਕਿਹੜਾ ਏ,
ਮਿਲੇ ਨਾਂ ਕਿਧਰੋਂ ਖ਼ਾਕ ਬਥੇਰੀ ਛਾਣੀ ਏ।

✣

ਚਾਰ ਚੁਫੇਰਿਓਂ ਬੇ ਦਰਦਾਂ ਦੇ ਵੱਸ ਪਿਆਂ,
ਮਾਰ ਕੇ ਉਕੱਾ ਹਾਏ ਕਹਿਣ ਨਾਂ ਦੇਂਦੇ ਨੇ।

✣

ਮਰ ਨਹੀ ਸਕਦਾ ਜੋ ਜੀਵਨ ਵਾਸਤੇ,
ਜੀਣ ਦਾ ਵੀ ਉਸ ਨੂੰ ਕੋਈ ਹੱਕ ਨਹੀਂ।

✣

ਜ਼ਮਾਨੇ ਵਾਲਿਓ ਮੇਰੀ ਜ਼ਰਾ ਦੀਵਾਨਗੀ ਵੇਖੋ,
ਮੈਂ ਹੰਝੂਆਂ ਨਾਲ ਪੱਥਰਾਂ ਨੂੰ ਪੰਘਾਰਨ ਦਾ ਜਤਨ ਕੀਤੈ।

✣

1. ਵਰੀ -ਵਿਆਹ ਵੇਲੇ ਪਾਣ ਵਾਲਾ ਸੂਟ



Sri Satguru Jagjit Singh Ji eLibrary NamdhariElibrary@gmail.com

ਚਿਹਰਾ ਹੀ ਮਾਨੁਖ ਦਾ ਅਸਲੀ ਦਰਪਨ ਹੈ,
ਜਿਸ ਦੇ ਵਿਚੋਂ ਅੰਦਰ ਦੀ ਗੱਲ ਦਿੱਸਦੀ ਏ।

ਪਲਾਂ ਵਿਚ ਮੱਚ ਜਾਂਦੀ ਏ ਤਬਾਹੀ ਜਦ ਭੂਚਾਲ ਆਉਂਦੈ,
ਮਗਰ ਧਰਤੀ ਚ' ਲਾਵਾ ਉਬਲਦਾ ਏ ਬਹੁਤ ਚਿਰ ਪਹਿਲਾਂ।

ਜ਼ਰਾ ਜ਼ਿੰਦਗੀ ਦੇ ਹਰਿਕ ਪੱਖ ਨੂੰ ਵੇਖੋ,
ਰਤਨ ਤੋਂ ਵੀ ਮਹਿੰਗਾ ਤੇ ਕੌਡੀ ਤੋਂ ਸਸਤਾ।

ਮੁਲਾਜ਼ਮ ਕੋਈ ਕਿਤਨਾਂ ਵੀ ਵੱਡਾ ਹੋਵੇ,
ਉਹ ਇਕ ਦਿਨ ਦਾ ਸ਼ਾਹ ਤੇ ਸਦਾ ਦਾ ਗਰੀਬੈ।

ਇਹ ਵਧਦੀ ਹੀ ਜਾਂਦੀ ਏ ਨਫਰਤ ਦੀ ਖਾਈ,
ਮੁਹੱਬਤ ਦੀ ਭਰਤੀ ਪਾ ਕਦ ਭਰ ਸਕੋਗੇ।

ਮੇਰੇ ਦੋਸਤਾ ਬੰਦਾ ਪੈਸਾ ਬਣਾਂਦੈ,
ਕਦੀ ਵੀ ਨਾਂ ਪੈਸੇ ਨੇ ਬੰਦਾ ਬਨਾਇਆ।



Sri Satguru Jagjit Singh Ji eLibrary NamdhariElibrary@gmail.com

✣

ਜਰਜਰਾ ਪ੍ਰਬੰਧ ਸਾਰਾ ਹੋ ਰਿਹੈ,
ਆਓ ਕੋਈ ਹੋਰ ਪਰਬੰਧ ਸਿਰਜੀਏ।

✣

ਅਜ ਸਾਰੇ ਮਾਹੌਲ ਨੂੰ ਦੂਸ਼ਤ ਕਰਨ ਲਈ,
ਥੋੜ੍ਹੇ ਬਹੁਤੇ ਸਭ ਹਾਂ ਜ਼ੀਮੇਵਾਰ ਅਸੀਂ।

✣

ਸਿਹਤਮੰਦ ਨਾਂ ਦੌਲਤਮੰਦ ਨਾਂ ਅਕਲਮੰਦ ਹੀ ਬਣਿਆਹਾਂ,
ਸਾਰੀ ਉਮਰ ਬਹੁਤ ਸਵੇਰੇ ਸੁੱਤਾ ਹਾਂ ਤੇ ਬਹੁਤ ਸਵੇਰੇ ਉਠਿਆ ਹਾਂ।

✣

ਇਹ ਧੋਖੇ ਇਹ ਧਾੜੇ ਇਹ ਸਭ ਹੇਰਾਫੇਰੀ,
ਹੈ ਮਸਲਾ ਤਾਂ ਸਾਰਾ ਹੀ ਦੋ ਰੋਟੀਆਂ ਦਾ।

✣

ਨਫਰਤ ਦੇ ਚੌਮਾਸੇ ਦੀ ਕੀ ਗੱਲ ਕਰਾਂ,
ਰੋਮ ਰੋਮ ਚੋਂ ਲਹੂ ਦਾ ਮੁੜ੍ਹਕਾ ਚੋਇਆ ਏ।

✣

ਬੁਲੰਦੀ ਆਕਾਸ਼ਾਂ ਦੀ ਜੇ ਨਾਪਣੀ ਹੈ,
ਪਤੰਗ ਵਾਂਗ ਹੌਲਾ ਹਵਾ ਤੋਂ ਵੀ ਹੋ ਜਾ।

✣



Sri Satguru Jagjit Singh Ji eLibrary NamdhariElibrary@gmail.com

ਪਰਵਾਨਾਂ ਤਾਂ ਇਕ ਵੇਰਾਂ ਸੜ ਮੁੱਕ ਗਿਆ,
ਸ਼ਮਾਂ ਵਿਚਾਰੀ ਪਲ ਪਲ ਤਿਲ ਤਿਲ ਜਲਦੀ ਏ।

ਸ਼ਹਿਰ ਵਾਲਿਆਂ ਲਈ ਹਰੇਕ ਸਹੂਲਤ ਹੈ,
ਸੋਚੋ! ਪਿੰਡਾਂ ਵਿਚ ਵੀ ਰਹਿੰਦੇ ਬੰਦੇ ਨੇ।

ਜ਼ਮਾਨਾ ਕਹੇ ਸਾਨੂੰ ਲਖ ਵਾਰ ਕੁਝ ਵੀ,
ਤੁਸਾਂ ਬੇ-ਵਫਾ ਸਾਨੂੰ ਨਹੀਂ ਆਖਣਾ ਸੀ।

ਅੰਧ-ਵਿਸ਼ਵਾਸ਼ ਅਸਾਡੇ ਖੂਨ ਚ' ਰਚਿਆ ਏ,
ਹਰ ਅਣ-ਹੋਣੀ ਗਲ ਨੂੰ ਝੱਟ ਮੰਨ ਜਾਂਦੇ ਹਾਂ।

ਅਫਵਾਹਾਂ ਤੇ ਉੱਕਾ ਨਾਂ ਇਤਬਾਰ ਕਰੋ,
ਬਿਨ ਖੰਭਾਂ ਦੇ ਡਾਰਾਂ ਬਣ-ਬਣ ਉਡੱਣ ਗੀਆਂ।

ਮੇਰੀ ਐਸੇ ਮਜ਼ਹਬ ਤੋਂ ਸੌ ਵਾਰ ਤੌਬਾ,
ਜੋ ਜੋੜਨ ਦੀ ਥਾਂ ਦੋ ਦਿਲਾਂ ਨੂੰ ਨਿਖੇੜੇ।


Sri Satguru Jagjit Singh Ji eLibrary NamdhariElibrary@gmail.com

✣

ਕਦੋਂ ਤਕ ਮੇਰੀ ਕੋਈ ਰਾਖੀ ਕਰੇਗਾ,
ਮੈਂ ਖ਼ੁਦ ਆਪਣੀ ਰਾਖੀ ਜਦੋਂ ਤਕ ਨਾਂ ਕੀਤੀ।

✣

ਕੋਈ ਮੇਰਾ ਵੈਰੀ ਨਹੀਂ ਏਸ ਜਗ ਤੇ,
ਮੇਰੇ ਨਾਲ ਹਰ ਵੈਰ ਮਿੱਤਰਾਂ ਨੇ ਕੀਤਾ।

✣

ਲਿਖੋ ਲੇਖਕੋ ਅਜ ਕੋਈ ਜ਼ਫਰ-ਨਾਮਾ,
ਜੋ ਫੁਟ ਦੇ ਔਰੰਗਜ਼ੇਬ ਨੂੰ ਅਕਲ ਆਵੇ।

✣

ਮਨ-ਮੰਦਰ ਵਿਚ ਧੂਆਂ[1] ਖਿਚ ਖਿਚ ਲੋਕਾਂ ਨੇ,
ਅੰਦਰ ਦਾ ਭਗਵਾਨ ਹੀ ਕਾਲਾ ਕਰ ਸੁਟਿਆ।

✣

ਮਾਪੇ ਸੋਚਣ ਸਦਾ ਹੀ ਅਪਣੀ ਆਣਸ ਲਈ,
ਅਜ ਦੀ ਆਣਸ ਦੀ ਸੋਚ ਹੈ ਸੀਮਤ ਆਪਣੇ ਤਕ।

✣

ਪਿਆਰ ਵਿਹੂਣੇ ਲੋਕਾਂ ਦਾ ਕੀ ਜੀਵਨ ਹੈ,
ਬਿਨਾ ਮਿਠਾਸੋਂ ਦੱਸੋ ਕਿਸ ਕੰਮ ਗੰਨਾਂ ਏ।

✣

1. ਧੂਆਂ - ਸਿਗਰੇਟ-ਬੀੜੀ ਦਾ ਧੂਆਂ



Sri Satguru Jagjit Singh Ji eLibrary NamdhariElibrary@gmail.com

ਝੂਠ ਦਾ ਹੀ ਨਾਂ ਸਿਆਸਤ ਪੈ ਗਿਆ,
ਝੂਠਿਆਂ ਦਾ ਨਾਂ ਸਿਆਸਤ-ਦਾਨ ਹੈ।

ਵਾੜ ਦਬਾ ਦਬ ਖੇਤ ਨੂੰ ਖਾਈ ਜਾਂਦੀ ਏ,
ਖੇਤ ਨੂੰ ਹੁਣ ਕੀ ਦੱਸੋ ਲੋੜ ਉਜਾੜਨ ਦੀ।

ਪਖੰਡਾਂ ਦੀ ਭਗਤੀ ਤੇ ਗਰਜ਼ਾਂ ਦੀ ਯਾਰੀ,
ਇਹ ਦੋਵੇਂ ਹੀ ਇਕੋ ਹੀ ਰੁੱਖੜੇ ਦੇ ਫਲ ਨੇ।

ਅਪਣੇ ਪੈਰੀ ਜੋ ਨਾਂ ਆਪੇ ਤੁਰ ਸਕੇ,
ਕਦੋਂ ਤਕ ਦੇਵੋਗੇ ਉਸਨੂੰ ਆਸਰਾ।

ਮੌਤ ਦੇ ਉਤੇ ਜਿੱਤ ਸਦੀਵੀ ਚਾਹੁੰਦੇ ਹੋ,
ਨਿੱਜ ਹਿੱਤ ਛੱਡ ਕੇ ਲੋਕ-ਹਿਤਾਂ ਦੀ ਗਲ ਕਰੋ।

ਰੱਖੋ ਸਾਂਭ ਜਵਾਨੀ ਫਿਰ ਨਾਂ ਆਵੇਗੀ,
ਲਾਉਣੀ ਹੈ ਤਾਂ ਲੋਕ-ਹਿਤਾਂ ਲਈ ਲਾ ਦੇਵੋ।



Sri Satguru Jagjit Singh Ji eLibrary NamdhariElibrary@gmail.com

✣

ਸੱਜਣਾਂ ਬਿਨ ਜੀਣ ਕਾਹਦਾ ਜੀਣ ਹੈ,
ਹਰ ਸੁਭਾ-ਓ-ਸ਼ਾਮ ਫਾਂਸੀ ਲਟਕਣਾਂ।

✣

ਸੁੰਦਰਤਾ ਤੇ ਮਹਿਕ ਉਹ ਕਿਹੜੇ ਕੰਮ ਦੀ ਏ,
ਜਿਸ ਨੂੰ ਕੋਈ ਨਾਂ ਵੇਖੇ ਕੋਈ ਵੀ ਸੁੰਘੇ ਨਾਂ।

✣

ਕਿੰਨਾਂ ਸੋਹਣਾਂ ਫੁੱਲ ਹੈ ਭਰਿਆ ਮਹਿਕਾਂ ਦਾ,
ਯਾਰ ਦੀ ਸੇਜੀਂ ਵਿੱਛਿਆ ਨਾਂ ਤਾਂ ਕੀ ਹੋਇਆ।

✣

ਬਹੁਤ ਦੇਰ ਹੋਈ ਉਹ ਸਾਨੂੰ ਮਿਲੇ ਨਾਂ,
ਅਸੀਂ ਰਹਿ ਰਹੇ ਹਾਂ ਨਾਂ ਮਰਦੇ ਨਾਂ ਜਿਊਂਦੇ।

✣

ਪਾਲ ਪੋਸ ਕੇ ਪੁੱਤਰ ਮਸਾਂ ਵਿਆਹੀਦੇ,
ਨੂੰਹਾਂ ਵਿਹੜੇ ਵੜਨ ਤਾਂ ਪੁੱਤਰ ਖੁੱਸ ਜਾਂਦੇ।

✣

ਪੰਛੀਆ! ਮੈਨੂੰ ਵੀ ਲੈ ਚਲ ਨਾਲ ਅਜ
ਮੈਂ ਵੀ ਆਕਾਸ਼ਾਂ ਚ' ਉੱਡਣਾਂ ਚਾਹ ਰਿਹਾਂ।

✣



Sri Satguru Jagjit Singh Ji eLibrary NamdhariElibrary@gmail.com

ਸਫਲਤਾ ਇਨਸਾਨ ਹਰ ਇਕ ਲੋੜਦੈ,
ਪਰ ਬਿਨਾਂ ਸੰਘਰਸ਼ ਕਿਸਨੇ ਪਾਈ ਏ।

ਸ਼ੂਮ ਚੰਗੈ ਓਸ ਦਾਨੀ ਤੋਂ ਕਿਤੇ,
ਲਾਰਿਆਂ ਲੱਪਿਆਂ ਚ' ਜੋ ਰਖਦਾ ਨਹੀਂ।

ਗਿੱਲਿਆਂ ਕੇਸਾਂ ਨੂੰ ਛੰਡਿਆ ਜਦ ਤੁਸਾਂ,
ਡਿਗ ਪਏ ਹੀਰੇ ਹਜ਼ਾਰਾਂ ਫਰਸ਼ ਤੇ।

ਫੁੱਲਾਂ ਨਾਲੋਂ ਕੰਡੇ ਕਿਤੇ ਚੰਗੇਰੇ ਨੇ,
ਹਰ ਗਲਤੀ ਦਾ ਜੋ ਇਹਸਾਸ ਕਰਾਂਦੇ ਨੇ।

ਅਪਣਾਂ ਆਪ ਹੀ ਸਾਥੋਂ ਨਹੀਂ ਸੁਧਾਰੀਦਾ,
ਕਿਸ ਨੂੰ ਕਹੀਏ ਤੂੰ ਚੰਗਾ ਤੂੰ ਮੰਦਾ ਹੈਂ।

ਘੜੀ ਮੁੜੀ ਕਿਓਂ ਜੇਬ ਅਸਾਡੀ ਟੋਹਂਦੇ ਹੋ,
ਕਦੋਂ ਦੀ ਖ਼ਾਲੀ ਕਰ ਸੁੱਟੀ ਮਹਿੰਗਾਈ ਨੇ।



Sri Satguru Jagjit Singh Ji eLibrary NamdhariElibrary@gmail.com

ਦਿਲ ਦੀਆਂ ਗਹਿਰਾਈਆਂ ਨੂੰ ਨਾਪਣਾਂ,
ਹੈ ਅਸੰਭਵ ਇਹ ਨਿਰਾ ਮੁਸ਼ਕਿਲ ਨਹੀਂ।

ਲੋਕੋ ਅਪਣੇ ਚਾਰ ਚੁਫੇਰੇ ਕੰਧਾਂ ਹੋਰ ਉਸਾਰੋ ਨਾਂ,
ਅਗਲੀਆਂ ਨੇ ਹੀ ਅਜੇ ਅਸਾਨੂੰ ਦੁਖੀ ਬਥੇਰਾ ਕੀਤਾ ਏ।

ਜੋ ਆਓਂਦੈ ਉਹ ਲੂਣ ਛਿੜਕਦੈ ਜ਼ਖਮਾਂ ਤੇ,
ਕੌਣ ਹੈ ਜਿਹੜਾ ਮਲ੍ਹਮ ਇਹਨਾਂ ਤੇ ਲਾਵੇਗਾ।

ਦਿਲ ਦੀ ਦੁਨੀਆ ਦੋ ਨਾਂ ਹੋ ਜਾਏ ਕਿਤੇ,
ਹੋ ਗਈ ਤਾਂ ਫਿਰ ਨਾਂ ਇਕ ਹੋ ਪਾਏਗੀ।

ਹਰ ਕਿਸੇ ਲਈ ਰੱਖੀਏ ਸਦ-ਭਾਵਨਾਂ,
ਮਿੱਠੀਆਂ ਯਾਦਾਂ ਦੇ ਖਾਤੇ ਖੋਲੀਏ।

ਸ਼ੇਅਰ ਕਹਿਣਾਂ ਇਕ ਨਿਰੰਤਰ ਸਫ਼ਰ ਹੈ,
ਰਾਤ ਦਿਨ ਚਲਦਾ ਹੀ ਰਹਿੰਹੈ ਕਾਫਲਾ।



Sri Satguru Jagjit Singh Ji eLibrary NamdhariElibrary@gmail.com

ਸ਼ੋਰ ਦੀ ਤਲਵਾਰ ਫੜ ਕੇ ਚਾਣਚੱਕ,
ਕਤਲ ਕੀਤਾ ਹੈ ਸਵੇਰਾ ਜ਼ਾਲਮਾਂ।

ਕੌਣ ਉਹਨਾਂ ਨੂੰ ਸਿਆਣਾਂ ਕਹੇਗਾ,
ਮੂਰਖਾਂ ਦੇ ਨਾਲ ਜਿਹੜੇ ਉਲਝੱਦੇ।

ਬੂਹੇ ਤੇ ਆਇਆਂ ਨੂੰ ਖੁਰਵਾ ਬੋਲੋ ਨਾਂ,
ਬਿਨ ਮਜ਼ਬੂਰੀ ਕੌਣ ਪਰਾਏ ਬਾਰ ਬਹੇ।

ਦੂਜਿਆਂ ਤੇ ਨੁਕਤਾ-ਚੀਨੀ ਨਾਂ ਕਰੋ,
ਕਿਓਂਕਿ ਆਪਣੇ ਵਿਚ ਹੀ ਨੁਕਤੇ ਬਹੁਤ ਨੇ।

ਤੁਰੀ ਹੈ ਕਿਧਰ ਨੂੰ ਇਹ ਅਜ ਦੀ ਜਵਾਨੀ,
ਜੜਾਂ ਅਪਣੀਆਂ ਆਪ ਹੀ ਪੁਟ ਰਹੀ ਏ।

ਨਸ਼ੇ ਜ਼ਹਿਰ ਨੇ ਖਾਕੇ ਸੀਨੇ ਨਾ ਸਾੜੋ,
ਜਵਾਨੀ ਤਾਂ ਖ਼ੁਦ ਅਪਣੇ ਆਪ ਚ' ਨਸ਼ਾ ਏ।

1. ਸਵੇਰੇ ਸਵੇਰੇ ਸਪੀਕਰ ਲਾ ਕੇ



Sri Satguru Jagjit Singh Ji eLibrary NamdhariElibrary@gmail.com

ਗਲ ਕਿਸੇ ਦੀ ਕਰਨ ਤੋਂ ਪਹਿਲਾਂ ਸੋਚ ਲਵੇ,
ਕਹਿਣ ਸਿਆਣੇ ਕੰਨ ਹੁੰਦੇ ਨੇ ਕੰਧਾਂ ਨੂੰ।

ਹਜ਼ਾਰਾਂ ਹੀ ਗੁਣ ਹੋਣ ਬੇ-ਅਰਥ ਜਾਣੋ,
ਮਨੁਖ ਦਾ ਜੇ ਹਿਰਦਾ ਕਪਟ ਦਾ ਹੈ ਭਰਿਆ।

ਯਾਦਾਂ ਦੀਆਂ ਵਹੀਰਾਂ ਤੁਰੀਆਂ ਰਹਿਣ ਸਦਾ,
ਧੂੜ ਇਹਨਾਂ ਦੀ ਅੱਖਾਂ ਵਿਚ ਰੜਕਦੀ ਏ।

ਮੇਰੇ ਤੇ ਇਕ ਐਸਾ ਸਮਾਂ ਵੀ ਆਉਂਦਾ ਏ,
ਕਵਿਤਾ ਦਾ ਮੈਂ ਰੂਪ ਹੀ ਬੱਸ ਬਣ ਜਾਂਦਾ ਹਾਂ।

ਦਿਲ ਦੀ ਗੱਲ ਕਿਸ ਨੂੰ ਸੁਨਾਵਾਂ ਦੋਸਤਾ,
ਗੱਲ਼ ਕਰਕੇ ਤੂੰ ਨਿਗੱਲਾ ਹੋ ਗਇਓਂ।

ਜ਼ਿੰਦਗੀ ਵਿਚ ਇਹ ਮੋੜ ਕੈਸਾ ਆ ਗਿਆ,
ਤੂੰ ਪਰਾਇਆ ਹੋ ਗਇਓਂ ਸੰਸਾਰ ਅਪਣਾਂ ਹੋ ਗਿਆ।



Sri Satguru Jagjit Singh Ji eLibrary NamdhariElibrary@gmail.com

ਹਰ ਕਦਮ ਉਠਦਾ ਏ ਸਾਡਾ ਮੌਤ ਵਲ,
ਸਮਝਦੇ ਹਾਂ ਜ਼ਿੰਦਗੀ ਵਲ ਜਾ ਰਹੇ।

ਜਿਗਰ ਪਾਰ ਹੋ ਜਾਏ ਤੀਰੇ ਨਜ਼ਰ ਤਾਂ,
ਦੁਆ ਬਿਨ ਦਵਾ ਉਸ ਦੀ ਦੱਸ ਹੋਰ ਕੀ ਏ।

ਸਮਝ ਮੈਨੂੰ ਇਸ ਗੱਲ ਦੀ ਅਜ ਤਕ ਨਾਂ ਆਈ,
ਕਿ ਰਾਖੇ ਨੇ ਅਜ ਕਿਓਂ ਸੰਧੇਵਾ ਹੈ ਫੜਿਆ।

ਮੇਰੀ ਸੋਚ ਤੀਕਰ ਕਿਵੇਂ ਕੋਈ ਅਪੜੇ,
ਕਿ ਗਗਨਾਂ ਦੀ ਸੀਮਾ ਕਿਸੇ ਨੇ ਨਾ ਵੇਖੀ।

ਅੰਬਰਾਂ ਦੇ ਤਾਰਿਆਂ ਦੇ ਵਾਂਗਰਾਂ,
ਕੋਈ ਨਾਂ ਅਰਮਾਨ ਸਾਰੇ ਗਿਣ ਸਕੇ।

ਵੇਖਿਐ ਮੇਰੀ ਵਡੇਰੀ ਉਮਰ ਵੀ,
ਠੱਲ ਨਾਂ ਪਾਈ ਮੇਰੇ ਜਜ਼ਬਾਤ ਨੂੰ।

1. ਸੰਧੇਵਾ :- ਕੰਧ ਪਾੜਣ ਵਾਲਾ ਸੰਦ ਚੋਰ ਦਾ



Sri Satguru Jagjit Singh Ji eLibrary NamdhariElibrary@gmail.com

ਹੈ ਅਜੇਹੀ ਦਾਸਤਾਨੇ[1] ਜ਼ਿੰਦਗੀ,
ਸੁਣ ਕਈ ਨੇ ਹੱਸ ਰਹੇ ਕੁਝ ਰੋ ਰਹੇ।

ਯਾਦਾਂ ਦੀ ਇਕ ਧੂਣੀ ਧੁਖਦੀ ਰਹਿੰਦੀ ਏ,
ਰੂੜੀ ਦੀ ਅੱਗ ਵਾਂਗ ਕਦੇ ਨਾਂ ਬੁੱਝਦੀ ਏ।

ਚੰਨ ਲੁਟਾ ਦੇਵੇਗਾ ਸਾਰੀ ਚਾਨਣੀ,
ਅਜ ਹੀ ਆ ਜਾਵੇ ਜੇ ਸੱਜਣ ਰਾਤ ਨੂੰ।

ਵੇਖ ਕੇ ਤੇਰਾ ਰਵਈਆ ਬੇ-ਤੁਕਾ,
ਜੀ ਮੇਰਾ ਕਰਦਾ ਏ ਰਜ ਕੇ ਰੋ ਲਵਾਂ।

ਜਾਣਦਾਂ ਸਭ ਕੁਝ ਮਗਰ ਮਜਬੂਰ ਹੋ,
ਅੰਨ੍ਹਿਆਂ ਦੇ ਮਗਰ ਲਗ ਕੇ ਤੁਰ ਰਿਹਾਂ।

ਪਰਲੇ ਦਰਜੇ ਦੇ ਜੋ ਬੇ ਈਮਾਨ ਸਨ,
ਉਹ-ਹੀ ਅਜ ਈਮਾਨ ਦੇ ਰਾਖੇ ਬਣੇ।

1. ਦਾਸਤਾਨ - ਕਹਾਣੀ



Sri Satguru Jagjit Singh Ji eLibrary NamdhariElibrary@gmail.com

✣

ਹਰ ਹਕੀਕਤ ਨੂੰ ਲੁਕਾਵਨ ਵਾਲਿਓ,
ਜੇ ਹਕੀਕਤ ਹੈ ਤਾਂ ਲੁਕ ਸਕਣੀ ਨਹੀਂ।

✣

ਕੀ ਸੁਣਾਂ ਤੇਰੀ ਨਸੀਹਤ ਜ਼ਾਹਿਦਾ,
ਬਿਨ ਬਨਾਵਟ ਏਸ ਵਿਚ ਕੁਝ ਵੀ ਨਹੀਂ।

✣

ਸ਼ਮ੍ਹਾਂ ਵਾਂਗ ਉਹ ਰਾਤ ਭਰ ਜਾਗਦਾ ਏ,
ਚੁਆਤੀ ਹੈ ਜਿਸ ਨੂੰ ਕਿਸੇ ਨੇ ਵੀ ਲਾਈ।

✣

ਸ਼ੇਅਰ ਨਹੀਂ ਇਹ ਹੀਰਿਆਂ ਦਾ ਹਾਰ ਹੈ,
ਪਾਰਖੂ ਹੀ ਮੁੱਲ ਇਸਦਾ ਪਾਣਗੇ।

✣

ਦਮਨ-ਚੱਕਰ ਉਹ ਚਲਾਇਆ ਜ਼ਾਲਮਾਂ,
ਕੋਈ ਵੀ ਤੇ ਹੁਣ ਸੁਰਖਿਅਤ ਨਾਂ ਰਿਹਾ।

✣

ਮਨ ਦੀ ਗਲ ਨੂੰ ਛੱਡ ਕੇ ਸਭ ਤਨ ਦੀ ਗਲ ਹੀ ਕਰ ਰਹੇ,
ਜਿਸ ਤਰਾਂ ਫਲ ਛਡ ਕੇ ਸਾਰੇ ਗੁਠਲੀਆਂ ਹੀ ਦਲ ਰਹੇ।

✣

1. ਜ਼ਾਹਿਦ-ਉਪਦੇਸ਼ਕ



Sri Satguru Jagjit Singh Ji eLibrary NamdhariElibrary@gmail.com

ਗਮ ਅਸਾਡੀ ਰਾਸ ਪੂੰਜੀ ਹੀਰਿਆਂ ਦੀ ਖਾਨ ਹੈ,
ਖੁਸ਼ ਨਸੀਬੀ ਤੋਂ ਇਹ ਮਿਲਿਆ ਕੁਦਰਤੋਂ ਵਰਦਾਨ ਹੈ।

ਨਾਂ ਡਰੋ ਮੇਰੇ ਤੋਂ ਯਾਰੋ ਮੈਂ ਡਰਾਉਣਾਂ ਤਾਂ ਨਹੀਂ,
ਪਾਸ ਆਕੇ ਵੇਖ ਲੌ ਇਕ ਜ਼ਿੰਦਾ ਦਿਲ ਇਨਸਾਨ ਹਾਂ।

ਉਲਟੀ ਗਲ ਨੂੰ ਵੇਖ ਹੈਰਾਨੀ ਹੋਈ ਹੈ,
ਭਾਰ ਤਾਂ ਮਰਦੇ ਊਠ ਅੜਾਂਦੇ ਬੋਰੇ ਨੇ।

ਕਾਸਦਾ! ਚਿੱਠੀ ਲਿਆਇਐਂ[1] ਦੂਰ ਦੀ,
ਕੀ ਦਿਆਂ ਸੌਗਾਤ ਕੀ ਅਰਪਨ ਕਰਾਂ।

ਕਰ ਕੇ ਹੇਰਾ ਫੇਰੀਆਂ ਦੌਲਤ ਜੁਟਾਈ ਜਾ ਸਕੇ,
ਪਰ ਕਿਤੋਂ ਇਨਸਾਨੀਅਤ ਮੰਗੀ ਉਧਾਰੀ ਨਾ ਮਿਲੇ।

ਜਵਾਂ-ਮਰਦ ਰਣ-ਭੂਮ ਵਿਚ ਪਰਖ ਹੁੰਦੇ,
ਘਰੇ ਬੈਠ ਸਾਰੇ ਬਹਾਦਰ ਨੇ ਬਣਦੇ।

1. ਕਾਸਦ-ਡਾਕੀਆ



Sri Satguru Jagjit Singh Ji eLibrary NamdhariElibrary@gmail.com

ਹਜ਼ਾਰਾਂ ਸਿਆਣੇ ਤੇ ਮੱਤ ਸਭ ਦੀ ਇੱਕੋ,
ਬੇ-ਅਕਲਾਂ ਦੀ ਹੁੰਦੀ ਏ ਗੱਲ ਵੱਖਰੀ ਵੱਖਰੀ।

ਪੀੜ੍ਹੀਆਂ ਦੇ ਧਾੜਵੀ ਅਜ ਬਣ ਗਏ ਨੇ ਰਹਿਨੁਮਾ,
ਯਾ ਖ਼ੁਦਾ! ਇਹ ਦੇਸ਼ ਮੇਰਾ ਕਿਸ ਤਰ੍ਹਾਂ ਬਚ ਪਾਏਗਾ।

ਜੇਠ ਦੀ ਤੱਤੀ ਹਵਾ ਵਰਗੀ ਹੈ ਅਜ ਬਾਦ-ਏ-ਸਬਾ,
ਗੁਲਸ਼ਨਾਂ ਵਿਚ ਫੁਲ ਸਾਰੇ ਕਿਓਂ ਨਹੀਂ ਮੁਰਝਾਣਗੇ।

ਦਰਦ ਦਾ ਦਰਯਾ ਹੈ ਮੇਰੇ ਸਾਹਮਣੇ,
ਨਾਲ ਚਾਵਾਂ ਜਿਸ ਨੂੰ ਹਾਂ ਮੈਂ ਤਰ ਰਿਹਾ।

ਅਣਗਿਣਤ ਲੋਕਾਂ ਦੀ ਸੰਘਣੀ ਭੀੜ ਵਿਚ,
ਲਭ ਰਿਹਾਂ ਜਾਣੀ ਪਛਾਣੀ ਸ਼ਕਲ ਇਕ।

ਵੇਖ ਕੇ ਹਾਲਤ ਬੁਰੀ ਇਨਸਾਨ ਦੀ,
ਰੂਹ ਮੇਰੀ ਨੇ ਹਾਅ ਦਾ ਨਾਹਰਾ ਮਾਰਿਆ।


Sri Satguru Jagjit Singh Ji eLibrary NamdhariElibrary@gmail.com

✣

ਜੇਬ ਕਤਰੇ ਜੇਬ ਮੇਰੀ ਕੱਟ ਕੇ ਮੌਕਾ ਮਾਰਿਆ,
ਪਰ ਵਿਚਾਰਾ ਜਾਣਦਾ ਨਹੀਂ ਇਹ ਕਵੀ ਜੀ ਜੇਬ ਹੈ।

✣

ਸ਼ਰਮ ਉਸ ਬੰਦੇ ਨੂੰ ਆਉਂਦੀ ਕਿਓਂ ਨਹੀਂ,
ਵਿਹਲਿਆਂ ਬਹਿ ਕੇ ਜੋ ਰੋਟੀ ਖਾ ਰਿਹਾ।

✣

ਬੈਠ ਝੁੱਗੀਆਂ ਵਾਲਿਆਂ ਕੀਤੀ ਸਲਾਹ,
ਉਠ ਕੇ ਮਹਿਲਾਂ ਵਾਲਿਆਂ ਨੂੰ ਫੜ ਲਵੋ।

✣

ਹੋਸ਼ ਦੀ ਕੀਤੀ ਅਸਾਂ ਜਿਤਨੀ ਦਵਾ,
ਦਿਨ ਬਦਿਨ ਬੇ-ਹੋਸ਼ ਹੋਏ ਹਾਂ ਸਗੋਂ।

✣

ਮਨੁੱਖਤਾ ਦੀ ਰਾਖੀ ਕਰੇ ਕੌਣ ਯਾਰੋ,
ਮਨੁੱਖ ਹੀ ਮਨੁੱਖ ਦੈ ਲਹੂ ਦਾ ਤਿਹਾਇਆ।

✣

ਸ਼ੁਕਰ ਹੈ ਕਿ ਰੱਬ ਦਾ ਆਕਾਰ ਨਹੀਂ,
ਕਤਲ ਹੋ ਜਾਣਾਂ ਸੀ ਹੁਣ ਨੂੰ ਓਸਨੇ।

✣

1. ਆਕਾਰ-ਜਿਸਮ



Sri Satguru Jagjit Singh Ji eLibrary NamdhariElibrary@gmail.com

ਵਿਛੜਦਾ ਜੇਕਰ ਨਾਂ ਪਾਣੀ ਧਾਰ ਤੋਂ,
ਗੁਲਸ਼ਨਾਂ ਵਿਚ ਹੁੰਦੀਆਂ ਨਾਂ ਰੌਣਕਾਂ।

ਅਪਣਾਂ ਆਪਾ ਸਾੜਦੀ ਨਾਂ ਜੇ ਸ਼ਮ੍ਹਾਂ,
ਮਹਿਫਲਾਂ ਵਿਚ ਚਾਨਣਾਂ ਹੁੰਦਾ ਕਿਵੇਂ।

ਜੀਭ ਦੇ ਚਸਕੇ ਲਈ ਇਨਸਾਨ ਨੇ
ਆਪਣੇ ਢਿੱਡ ਨੂੰ ਬਨਾਇਆ ਕਬਰ ਕਿਉਂ।

ਇਲਮ ਦੀ ਦੌਲਤ ਮਿਲੇ ਵਡਭਾਗਿਆਂ,
ਅਮਲ ਬਿਨ ਪਰ ਇਲਮ ਕਿਹੜੇ ਕੰਮ ਦੈ।

ਸਣੇ ਜੱਜ ਵਕੀਲਾਂ ਗਵਾਹ ਪੇਸ਼ਾ-ਵਰ ਨੇ,
ਤੂੰ ਇਨਸਾਫ ਦੀ ਏਥੋਂ ਕੀ ਆਸ ਰਖਣੈ।

ਘੁਮੰਡ ਨਾ ਕਰੋ ਜੇ ਧਨੀ ਹੋ ਜਵਾਂ ਹੋ,
ਜਵਾਨੀ ਤੇ ਧਨ ਦੋਵੇਂ ਹੀ ਬੇਵਫਾ ਨੇ।



Sri Satguru Jagjit Singh Ji eLibrary NamdhariElibrary@gmail.com

✣

ਸੀ ਆਦਰਸ਼ਵਾਦੀ ਤੂੰ, ਪਰ ਇਹ ਕੀ ਹੋਇਆ,
ਤੂੰ ਆਦਰਸ਼ ਸਾਰੇ ਹੀ ਅਜ ਘੋਲ ਪੀਤੇ।

✣

ਜੋ ਦੁਸ਼ਮਣ ਵੀ ਨਾਂ ਕਰ ਸਕੇ ਨਾਲ ਮੇਰੇ,
ਉਹ ਕਰ ਕੇ ਵਖਾਇਆ ਮੇਰੇ ਦੋਸਤਾਂ ਨੇ।

✣

ਮੇਰੀ ਸ਼ਕਲ ਹੀ ਵੇਖ ਘਬਰਾ ਗਏ ਹੋ,
ਮੈਂ ਓਹੀ ਤਾਂ ਹਾਂ ਜਿਸ ਨੂੰ ਅਪਣਾਂ ਸੀ ਕਹਿੰਦੇ।

✣

ਖ਼ੁਦਾ ਬਖ਼ਸ਼ੇ <u>ਸੂਰਤ</u> ਤੇ <u>ਸੀਰਤ</u> ਜੇ ਦੋਵੇਂ,
ਮੇਰੀ ਕਸਮ ਐਸਾ ਹੁਸਨ ਬੇਮਿਸਾਲ ਏ।

✣

ਉਹ ਕਰਦੇ ਰਹੇ ਜ਼ੁਲਮ ਸਹਿੰਦਾ ਰਿਹਾ ਮੈਂ,
ਸਮਝਦੇ ਨੇ ਮੇਰੀ ਜ਼ੁਬਾਂ ਹੀ ਨਹੀਂ ਹੈ।

✣

ਬੜੀ ਯਾਦ ਆਈ ਬਹਾਰਾਂ ਦੀ ਓਦੋਂ,
ਚੁਫੇਰਾ ਜਦੋਂ ਪਤੱਝੜਾਂ ਘੇਰ ਲੀਤਾ।

✣

1. ਸੂਰਤ - ਸਕਲ 2. ਸੀਰਤ - ਸੁਭਾ



Sri Satguru Jagjit Singh Ji eLibrary NamdhariElibrary@gmail.com

ਜ਼ਮਾਨੇ ਹੀ ਸਾਨੂੰ ਨਹੀਂ ਕੁਝ ਵੀ ਜਾਤਾ,
ਅਸੀਂ ਤਾਂ ਜ਼ਮਾਨੇ ਦੇ ਹੋ ਕੇ ਮਰੇ ਹਾਂ।

ਕਦੋਂ ਤੀਕ ਤੈਨੂੰ ਉਡੀਕੇ ਗਾ ਕੋਈ,
ਉਡੀਕਾਂ ਨੇ ਲੰਮੀਆਂ ਉਮਰ ਹੈ ਥੁਰੇੜੀ।

ਉਹ ਸਿਰ ਅਪਣਾਂ ਰੱਖੇਗਾ ਈਮਾਨਦਾਰੀ,
ਬਣੇ ਮੰਤਰੀ ਜਿਹੜਾ ਲੱਖਾਂ ਲਗਾ ਕੇ।

ਅਕਲ ਉਸਦੀ ਸਮਝੋ ਨਹੀਂ ਹੈ ਟਿਕਾਣੇ,
ਜੋ ਵਿਚ ਰਾਜਨੀਤੀ ਦੇ ਸੱਚ ਬੋਲਦਾ ਹੈ।

ਰੌਣਕਾਂ ਤੋਂ ਦਿਲ ਮੇਰਾ ਉਕਤਾ ਗਇਆ,
ਤੁਰ ਪਿਆਂ ਵੀਰਾਨੀਆਂ ਨੂੰ ਫੇਰ ਮੈਂ।

ਦੂਜਿਆਂ ਘਰ ਅੱਗ ਲਗਾਵਨ ਵਾਲਿਓ,
ਭੜਕ ਪਈ ਅਪਣੇ ਹੀ ਘਰ ਤਾਂ ਕੀ ਬਣੂ।



Sri Satguru Jagjit Singh Ji eLibrary NamdhariElibrary@gmail.com

ਸੁਖ ਦੀਆਂ ਉਮਰਾਂ ਹੀ ਝੱਟ ਲੰਘ ਨੇ ਜਾਂਦੀਆਂ,
ਦੁੱਖ ਦਾ ਪਰ ਇਕ ਪਲ ਵੀ ਲੰਘਦਾ ਨਹੀਂ।

ਉਹ ਜੋ ਹਰਕਤ ਪਹਿਲ ਉਮਰੇ ਮੈਂ ਸੀ ਨਖ਼ਰਾ ਜਾਣਿਆਂ,
ਏਸ ਉਮਰੇ ਓਹੀ ਹਰਕਤ ਨੁਕਸ ਵਡਾ ਜਾਪਦੀ।

ਰੋਗ ਉਂਜ ਤਾਂ ਕੋਈ ਵੀ ਚੰਗਾ ਨਹੀਂ,
ਪਰ ਗਰੀਬੀ ਸਭ ਤੋਂ ਭੈੜਾ ਰੋਗ ਹੈ।

ਤੰਦਰੁਸਤੀ ਰੱਬ ਜੇ ਕਰ ਬਖ਼ਸ਼ ਦੇ,
ਹੋਰ ਨਿਹਮਤ ਨਾਂ ਮਿਲੇ ਪਰਵਾਹ ਨਹੀਂ।

ਨਫਰਤਾਂ ਦਾ ਬੀ ਜੋ ਫਿਰਦੇ ਬੀਜਦੇ,
ਫਲ ਇਨ੍ਹਾਂ ਦੇ ਕਿਓਂ ਨਾਂ ਖਾਣੇ ਪੈਣਗੇ।

ਖੋਖਲਾ ਕੀਤੈ ਅਖੌਤੀ ਧਰਮ ਨੇ,
ਕੀਹ ਕਮੀ ਸੀ ਉਂਜ ਸਾਡੇ ਦੇਸ ਵਿਚ।


Sri Satguru Jagjit Singh Ji eLibrary NamdhariElibrary@gmail.com

ਕੁਪੱਤੇ ਦਾ ਸੰਗ ਕੋਈ ਕੱਟ ਗੁਜ਼ਰਦਾ ਏ,
ਹੈ ਮੁਸ਼ਕਲ ਅਵੱਤੇ ਦੇ ਸੰਗ ਪਲ ਵੀ ਕੱਟਣਾਂ।

ਨਿਰਾ ਹੀ ਜੋ ਕਿਸਮਤ ਤੇ ਨਿਰਭਰ ਹੈ ਰਹਿੰਦਾ,
ਉਹ ਹੱਥ ਮਲਦਿਆਂ ਜਾਏਗਾ ਏਸ ਜੱਗ ਤੋਂ।

ਮਨ ਦੇ ਮੰਦਰ ਵਿਚ ਤੇਰੀ ਤਸਵੀਰ ਰਖ ਕੇ ਪੂਜਦਾਂ,
ਪਰ ਮੇਰੀ ਪੂਜਾ ਨੂੰ ਕਿਓਂ ਹਰ ਵਾਰ ਠੁਕਰਾਇਆ ਗਿਆ।

ਧਰਤੀਏ ਤੇਰਾ ਵੀ ਜੇਰਾ ਧੰਨ ਹੈ,
ਚੰਗਿਆਂ ਮੰਦਿਆਂ ਦਾ ਚੁੱਕਿਆ ਭਾਰ ਤੂੰ।

ਜਨਮ ਤੋਂ ਚੰਗਾ ਜਾਂ ਮੰਦਾ ਕੌਣ ਹੈ,
ਕਰਮ ਹੀ ਬੰਦੇ ਦਾ ਹੁੰਦਾ ਨਾਮ ਹੈ।

ਕਵਰ ਵਿਚ ਸੁੱਤੇ ਨੂੰ ਕਿਓਂ ਹੈਂ ਪੂਜਦਾ,
ਪੂਜ ਉਸ ਦੇ ਪਿਆਰ ਨੂੰ, ਕਿਰਦਾਰ ਨੂੰ।


Sri Satguru Jagjit Singh Ji eLibrary NamdhariElibrary@gmail.com

ਕਹਿਣ ਲੋਕੀ ਸੱਚ ਕਹਿਣਾਂ ਹਰ ਮਨੁਖ ਨੂੰ ਚਾਹੀਦੈ,
ਸੱਚ ਬੋਲਣ ਵਾਲਿਆਂ ਨੂੰ ਫਾਂਸੀਆਂ ਤੇ ਵੇਖਿਆ।

ਦੋਸਤੀ, ਸ਼ਰਧਾ, ਨੇ ਅੰਧ-ਵਿਸ਼ਵਾਸ਼ ਦੇ,
ਪੁੱਛ ਲਿਆ ਇਹ ਕਿਓਂ ਹੈ? ਬਸ ਸਭ ਕੁਝ ਗਇਆ।

ਇੱਟ-ਖੜਿਕਾ ਹੀ ਰਹੇ ਜਿਸ ਘਰ ਦੇ ਵਿਚ ਪਰਿਵਾਰ ਵਿਚ
ਓਸ ਘਰ ਨੂੰ ਘਰ ਦੀ ਥਾਂ ਦੋਜ਼ਖ਼ ਕਹੋ ਤਾਂ ਠੀਕ ਹੈ।

ਇਕ ਹੱਟ-ਵਾਣੀਆਂ ਵੱਟੇ ਧੋਂਦੇ ਸਵੇਰੇ,
ਕਸਾਈ ਜਿਵੇਂ ਤੇਜ਼ ਕਰਦਾ ਏ ਛੁਰੀਆਂ।

ਨੀਂਦ ਹਰਾਮ ਕਰੀ ਹੈ ਰਬ ਦੇ ਹੇਜਲਿਆਂ[1],
ਦੱਸੋ ਅਸੀਂ ਕੀ ਰੱਬ ਨੂੰ ਦੁਪਰਿਆਰੇ ਹਾਂ?

ਨੇਤਾਵਾਂ ਦੀਆਂ ਮੌਜਾਂ ਲੋਕੀ ਮਰਨ ਪਏ,
ਰੋਮ ਜਲੇ ਪਰ ਨੀਰੂ ਬੀਣ-ਵਜਾਂਦਾ ਏ।

1. ਹੇਜਲਿਆਂ-ਪਿਆਰੇ


Sri Satguru Jagjit Singh Ji eLibrary NamdhariElibrary@gmail.com

ਇੱਕੋ ਨਾਲ ਸੀ ਲਾਈ ਉਹ ਵੀ ਛੱਡ ਗਿਆ,
ਚੰਗੇ ਨਹੀਂ? ਜੋ ਥਾਂ ਥਾਂ ਲਾਈ ਫਿਰਦੇ ਨੇ।

ਛੇੜਦੇ ਹੋ ਗੱਲ ਕਿਉਂ ਬ੍ਰਹਿਮੰਡ ਦੀ,
ਅਪਣੇ ਆਪੇ ਵਿਚ ਅਸੀਂ ਖ਼ੁਦ ਕੈਦ ਹਾਂ।

ਜ਼ੱਰਿਓਂ ਛੋਟਾ ਹਾਂ ਇਸ ਬ੍ਰਹਿਮੰਡ ਵਿਚ
ਪਰ ਮੇਰਾ ਅਪਣਾਂ ਵੀ ਇਕ ਬ੍ਰਹਿਮੰਡ ਹੈ।

ਮੰਨ ਕੇ ਮੇਰੀ ਸਲਾਹ ਨੇਕੀ ਦਾ ਕਾਰਜ ਨਾਂ ਕਰੋ,
ਦੁਨੀਆ ਵਾਲੇ ਬੁੱਤ ਬਨਾ ਧੁੱਪੇ ਖੜਾ ਕਰ ਦੇਣਗੇ।

ਮਿਟ ਜਾਂਦੇ ਨੇ ਡੂੰਘੇ ਫੱਟ ਹਥਿਆਰਾਂ ਦੇ,
ਪਰ ਨਾਂ ਭਰਦੇ ਕੀਤੇ ਜ਼ਖਮ ਜ਼ਬਾਨਾਂ ਦੇ।

ਖ਼ੁਦ ਨੂੰ ਜੋ ਸਭ ਤੋਂ ਸਿਆਣਾ ਸਮਝਦੈ,
ਉਸ ਤੋਂ ਵਡਾ ਹੋਰ ਮੂਰਖ ਕੌਣ ਹੈ।


Sri Satguru Jagjit Singh Ji eLibrary NamdhariElibrary@gmail.com

ਕਿਸੇ ਤੋਂ ਜੇ ਚਾਹੁੰਦੇ ਹੋ ਬਦਲਾ ਹੀ ਲੈਣਾਂ,
ਕਸੂਰ ਉਸਦਾ ਉੱਕਾ ਹੀ ਕਰ ਮਾਫ਼ ਦੇਵੋ।

ਜੋ ਕਹਿੰਦਾ ਏ ਝਗੜੇ ਚ' ਮੈਂ ਬੇ ਗੁਨਾਹ ਹਾਂ,
ਹਕੀਕਤ ਤੋਂ ਉਲਟੀ ਉਹ ਗੱਲ ਕਰ ਰਿਹਾ ਏ।

ਮੰਦਾ ਬੋਲਣ ਨਾਲ ਕੀ ਘਟਦੈ ਦੂਜੇ ਦਾ,
ਬੱਸ ਅੰਦਰ ਦਾ ਗੰਦ ਹੀ ਬਾਹਰ ਵਖਾਈ ਦੈ।

ਥਾਂ ਥਾਂ ਗੱਲਾਂ ਹੋਵਨ ਤੇਰੇ ਹੁਸਨ ਦੀਆਂ,
ਤੂੰ ਇਸ ਦੀ ਅਹਿਮੀਅਤ ਤੋਂ ਪਰ ਜਾਣੂ ਨਹੀਂ।

ਤਸ਼ੱਦਦ ਵੀ ਸਿਖਿਆ ਘਰਾਂ ਤੋਂ ਹੀ ਮਿਲਦੀ,
ਜਦੋਂ ਮਾਪੇ ਬਚਿਆਂ ਨੂੰ ਕੁੱਟ ਮਾਰ ਕਰਦੇ।

ਇਹ ਅੰਗ ਸਾਕ ਸਾਰੇ ਇਹ ਸਭ ਰਿਸ਼ਤੇ ਨਾਤੇ,
ਹੈ ਗਰਜ਼ਾਂ, ਮਤਲਬਾਂ ਦਾ ਹੀ ਤਾਣਾ-ਬਾਣਾ।



Sri Satguru Jagjit Singh Ji eLibrary NamdhariElibrary@gmail.com

ਵੇਸਵਾ ਤਨ ਵੇਚ ਕੇ ਬਦਨਾਮ ਹੈ,
ਕੌਣ ਹੈ ਜੋ ਤਨ ਨਹੀਂ ਹੈ ਵੇਚਦਾ?

ਨਾਂ ਬਣ ਇਤਨਾਂ ਕੌੜਾ ਕਿ ਥੁਕ ਦੇ ਜ਼ਮਾਨਾਂ,
ਤੇ ਅਤਿ ਮਿੱਠਿਆ ਹੋਇਆਂ ਵੀ ਨਹੀਂ ਗੁਜ਼ਾਰਾ।

ਕਾਰ ਵਿਚ ਬੈਠੇ ਨੂੰ ਦੱਸੋ ਕੀ ਅੰਦਾਜ਼ਾ ਹੋ ਸਕੇ,
ਤੇਜ਼ ਦੌੜਨ ਵਾਸਤੇ ਇੰਜਨ ਤੇ ਕੈਸੀ ਬੀਤਦੀ।

ਗੱਲ ਜੋ ਕਰਦੇ ਨੇ <u>ਉਚ-ਇਖ਼ਲਾਕਾਂ</u> ਦੀ,
ਏਸ ਨਾਂ ਤੋਂ ਆਪ ਕੋਹਾਂ ਦੂਰ ਨੇ।

ਖੇਤ ਖਾਲੀ ਹੋਕੇ ਫਿਰ ਭਰ ਜਾਣਗੇ,
ਦਿਲ ਜੇ ਖਾਲੀ ਹੋ ਗਏ ਭਰਨੇ ਨਹੀਂ।

ਸੂਰਜਾ! ਵੰਡਦਾ ਏਂ ਥਾਂ ਥਾਂ ਰੌਸ਼ਨੀ,
ਪਰ ਹਨੇਰੇ ਦਿਲ ਕਦੋਂ ਰੁਸ਼ਨਾਏਂ ਗਾ।

1. ਉਚ-ਇਖ਼ਲਾਕਾਂ- ਉੱਚਾ ਆਚਰਨ



Sri Satguru Jagjit Singh Ji eLibrary NamdhariElibrary@gmail.com

✣

ਜਿਸ ਗੁਨਾਹੋਂ ਜ਼ਾਹਿਦਾਂ ਨੇ ਰੋਕਿਆ ਏ ਹਰ ਵਕਤ,
ਉਹ ਗੁਨਾਹ ਉਨ੍ਹਾਂ ਨੂੰ ਕਰਦੇ ਵੇਖਿਆ ਮੈਂ ਰਾਤ ਦਿਨ।

✣

ਆਦਮੀ ਦੇ ਸਿਰਫ ਦ੍ਰਿੜ ਵਿਸ਼ਵਾਸ਼ ਨੇ,
ਪੱਥਰਾਂ ਚੋਂ ਕਹਿਣ ਭਗਵਨ ਪਾ ਲਿਆ।

✣

ਖਾਨ ਕਾਹਾਂ ਪੂਜਦੇ ਹੋ ਖ਼ਾਹ-ਮਖਾਹ,
ਕਬਰ ਵਿਚ ਹੱਡੀਆਂ ਬਿਨਾਂ ਕੁਝ ਵੀ ਨਹੀਂ।

✣

ਤੂੰ ਬਦਨਾਮ ਜਿਤਨਾਂ ਵੀ ਮੈਨੂੰ ਕਰੇਂਗਾ,
ਮੈਂ ਦੁਨੀਆਂ ਚ' ਮਸ਼ਹੂਰ ਉਤਨਾਂ ਹੀ ਹੋਣੈ।

✣

ਇਸ਼ਕ ਹੋ ਜਾਣਾਂ ਮਾਮੂਲੀ ਬਾਤ ਹੈ,
ਪਰ ਨਿਭਾਣਾਂ ਉਮਰ ਭਰ ਸੌਖਾ ਨਹੀਂ।

✣

ਜਿਊਣ ਖਾਤਰ ਧੰਨ ਜ਼ਰੂਰੀ ਚਾਹੀਦੈ,
ਸਭ ਸੁਖਾਂ ਦਾ ਧੰਨ ਹੀ ਪਰ ਸੋਮਾਂ ਨਹੀਂ।

✣



Sri Satguru Jagjit Singh Ji eLibrary NamdhariElibrary@gmail.com

ਸੇਜ ਫੂਲਾਂ ਦੀ ਕਿਸੇ ਨੂੰ ਰਾਤ ਭਰ ਚੁੱਭਦੀ ਰਹੀ,
ਕੰਡਿਆਂ ਉਤੇ ਕਈ ਵੇਖੋ ਨੇ ਮੌਜਾਂ ਮਾਣਦੇ।

ਰਾਤ ਦਾ ਵਧਿਆ ਅਰੂੜੀ ਤੇ ਨੇ ਸੁੱਟ ਆਏ ਕਈ,
ਪਰ ਅਰੂੜੀ ਫੋਲਦੇ ਤੜਕੇ ਕਈ ਵੇਖੇ ਗਏ।

ਦੂਜਿਆਂ ਦਾ ਦਰਦ ਜੇ ਮਹਿਸੂਸੀਏ,
ਆਪਣੇ ਦਿਲ ਦੇ ਦਰਦ ਨੂੰ ਭੁਲ ਜਾਈਦਾ।

ਕਸਮ ਖਾਂਦਾ ਹਾਂ ਮੈਂ ਅਪਣੇ ਆਪ ਦੀ,
ਮੈਂ ਹਾਂ ਬੇ-ਬਸ ਬੇ-ਵਫ਼ਾ ਅਸਲੋਂ ਨਹੀਂ।

ਰਾਮ ਦਾ ਮੰਦਿਰ ਉਸਾਰਨ ਵਾਲਿਓ,
ਮਨ ਦੇ ਮੰਦਿਰ ਢਹਿ ਨਾਂ ਜਾਵਨ ਦੇਖਣਾਂ।

ਬਾਬਰੀ ਮਸਜਿਦ ਬਚਾਵਨ ਆਏ ਹੋ,
ਕੀ ਬਨੂੰ ਇਨਸਾਨ ਹੀ ਜੇ ਨਾਂ ਰਹੇ।


Sri Satguru Jagjit Singh Ji eLibrary NamdhariElibrary@gmail.com

✣

ਤੁਰ ਗਏ ਬਨਬਾਸ ਘਰ ਦੀ ਫੁਟ ਜਰੀ ਨਾਂ ਰਾਮ ਨੇ,
(ਅਜ) ਜਨਮ-ਭੂਮੀ ਰਾਮ ਦੀ ਤੋਂ ਫੁੱਟ ਦਾ ਸੋਮਾ ਫੁੱਟਿਆ।

✣

ਜਨਮਭੂਮੀ ਰਾਮ ਦੀ ਹੈ ਕਿਸ ਜਗ੍ਹਾ,
ਰਾਮ ਨਾਂ ਮਰਦਾ ਹੈ ਨਾਂ ਹੀ ਜਨਮਦੈ।

✣

ਰਾਮ ਹਰ ਥਾਂ ਹੈ ਵਿਆਪਕ ਦੋਸਤੋ,
ਕਿਓਂ ਤੁਸੀਂ ਕੁੱਜੀ ਚ' ਹਾਥੀ ਪਾ ਰਹੇ।

✣

ਰਾਮ ਤਾਂ ਠੰਢਕ ਦਾ ਦੂਜਾ ਨਾਮ ਹੈ,
ਉਸ ਦੇ ਨਾਂ ਤੇ ਅੱਗ ਪੈਦਾ ਨਾ ਕਰੋ।

✣

ਰੌਸ਼ਨੀ ਜਿਸ ਵਲ ਅਸੀਂ ਹਾਂ ਜਾ ਰਹੇ,
ਇਹ ਤਾਂ ਵਿੱਸ-ਫੋਟਾਂ ਦੀ ਅੱਗ ਦੈ ਚਾਨਣਾਂ।

✣

ਨਫਰਤਾਂ ਰਚੀਆਂ ਅਸਾਡੇ ਖ਼ੂਨ ਵਿਚ,
ਇਸ ਮਹਾ-ਮਾਰੀ ਤੋਂ ਬਚੀਏ ਕਿਸ ਤਰਾਂ।

✣



Sri Satguru Jagjit Singh Ji eLibrary NamdhariElibrary@gmail.com

✣

ਮਸਜਿਦਾਂ ਮੰਦਰਾਂ ਲਈ ਨਾਂ ਲੜ ਮਰੋ,
ਲੜ ਮਰਨ ਲਈ ਹੋਰ ਮਸਲੇ ਬਹੁਤ ਨੇ।

✣

ਆਲਸੀ ਕੰਢਿਆਂ ਤੇ ਕੋਸਨ ਕਿਸਮਤਾਂ,
ਲੰਘ ਗ਼ਏ ਹਿੰਮਤੀ ਕਦੋਂ ਦਾ ਪਾਰ ਨੇ।

✣

ਰਾਮ ਜਾਂ ਅੱਲਾ ਦਾ ਇਹ ਝਗੜਾ ਨਹੀਂ,
ਇਹ ਤਾਂ ਰੌਲੈ ਵੋਟ ਪੱਕੇ ਕਰਨ ਦਾ।

✣

ਰਹਿਨੁਮਾਓ ਹੋਸ਼ ਵਿਚ ਆਓ ਜ਼ਰਾ,
ਬਲਦੀ ਅੱਗ ਚੋਂ, ਖ਼ੁਦ ਕਿਵੇਂ ਬਚ ਪਾਉਗੇ।

✣

ਹੈ ਵਿਡੰਬਣਾਂ ਇਹ ਵੀ ਕੈਸੀ ਵਕਤ ਦੀ,
ਅੱਗ ਬੁਝਾਵਣ ਵਾਲਿਆਂ ਲਾਂਬੂ ਫੜੇ।

✣

✣

ਸ਼ਮ੍ਹਾਂ ਦੇ ਚਾਨਣ ਤੇ ਪਰਵਾਨੇ ਗਿਰੇ,
ਅੱਗ ਹੈ ਇਸ ਵਿਚ ਨਹੀਂ ਸਨ ਜਾਣਦੇ।



Sri Satguru Jagjit Singh Ji eLibrary NamdhariElibrary@gmail.com

✣

ਹੋ ਰਹੀ ਇਨਸਾਨੀਅਤ ਹੈ ਪਾਇਮਾਲ,[1]
ਵੇਖ ਕੇ ਹੱਸਣ ਪਏ ਇਨਸਾਨ ਕਿਉਂ?

✣

"ਕਾਰ ਸੇਵਾ" ਬੱਸ ਨਿਰਾ ਢੁਕਵੰਜ ਹੈ,
ਕੁਰਸੀਆਂ ਦਾ ਲੋਭ ਹੈ ਇਸ ਦੇ ਮਗਰ।

✣

ਗਿਆਨ ਦੀ ਉਨਤੀ ਜੋ ਅਜ ਤਕ ਜਾਪਦੀ,
ਕਲਮ ਦਾ ਕ੍ਰਿਸ਼ਮਾ ਹੈ ਮੇਰੇ ਦੋਸਤੋ।

✣

ਕਦਰ ਕਰੀਏ ਜ਼ਿੰਦਗੀ ਅਨਮੋਲ ਹੈ,
ਬੇ-ਕਦਰ ਬੇ-ਅਰਥ ਹੀ ਲੰਘ ਜਾਇ ਨਾਂ।

✣

ਪੇਟ ਖ਼ਾਤਰ ਤੁਰ ਗਏ ਪੁੱਤਰ ਕਿਤੇ ਪਰਦੇਸ ਨੂੰ,
ਸੋਚਦੇ ਘਰ ਬੈਠ ਮਾਪੇ ਕੈਸੀਆਂ ਮਜ਼ਬੂਰੀਆਂ?

✣

ਵਿਤਕਰੇ, ਵੈਰਾਂ, ਵਿਰੋਧਾਂ ਮਾਰਿਆ,
ਦੇਵਤੇ ਤੋਂ ਘੱਟ ਕਦੋਂ ਇਨਸਾਨ ਸੀ।

✣

1. ਪਾਇਮਾਲ-ਮਿੱਟੀ ਚ' ਮਿਲਣਾਂ



Sri Satguru Jagjit Singh Ji eLibrary NamdhariElibrary@gmail.com

ਮਿਹਰ ਮਿੱਤਰਾਂ ਦੀ ਹਾਂ ਅਜ ਗੋਸ਼ਾਂ-ਨਸ਼ੀ,
ਮਹਿਵਰੇ-ਮਹਿਫਲ ਰਿਹਾ ਹਾਂ ਉਮਰ ਭਰ।

ਬਿਨ ਤੇਰੇ ਜੀਣਾਂ ਹੈ ਮੰਦਾ ਮਰਨ ਤੋਂ,
ਜੀ ਰਿਹਾ ਹਾਂ ਮੁੜ ਮਿਲਨ ਦੀ ਆਸ ਤੇ।

ਰੂਹ ਕਿਸੇ ਦੀ ਨਾਲ ਅਬਦੀ ਪਿਆਰ ਹੈ,
ਜਿਸਮ ਜਿਥੇ ਵੀ ਰਹੇ ਰਾਜ਼ੀ ਰਹੇ।

ਕਿਸ ਬੇ-ਦਰਦੀ ਨਾਲ ਸਾਡਾ ਵਾਹ ਪਿਐ,
ਮਾਰਦੈ ਪਰ ਰੋਣ ਵੀ ਦੇਂਦਾ ਨਹੀਂ।

ਜ਼ਿੰਦਗੀ ਭਰ ਪਿਆਰ ਜਿਥੋਂ ਲੋੜਿਆ
ਨਫਰਤਾਂ ਬਿਨ ਕੁਝ ਵੀ ਪਰ ਮਿਲਿਆ ਨਹੀਂ।

1. ਗੋਸ਼ਾਂ-ਨਸੀ-ਨੁੱਕਰੇ ਲੱਗਾ 2. ਮਹਿਵਰੇ-ਮਹਿਫਲ-ਮਹਿਫਲ ਦਾ ਕੇਂਦਰ 3. ਅਬਦੀ-ਸਦਾ ਹਰਿਣ ਵਾਲਾ



Sri Satguru Jagjit Singh Ji eLibrary NamdhariElibrary@gmail.com

✣

ਅਮਨ-ਬਸਤੀ ਨੂੰ ਉਜਾੜਨ ਵਾਸਤੇ,
ਰਾਮ-ਭਗਤਾਂ ਕੀ ਕਬਾੜਾ ਕਰ ਲਿਆ।

✣

ਘਰ ਪੜੋਸੀ ਦੇ ਨੂੰ ਢੱਠਾ ਵੇਖ ਕੇ,
ਰਾਮ ਜੀ ਭਗਤਾਂ ਨੂੰ ਲਾਹਨਤ ਪਾ ਰਹੇ।

✣

ਰਾਮ-ਅਲਾਹ ਸਨ ਇਕੱਠੇ ਰਹਿ ਰਹੇ,
ਦੋਹਾਂ ਦੇ ਪੁੱਤਰ ਹੀ ਪਾਗਲ ਹੋ ਗਏ।

✣

ਹਰ ਕਿਸੇ ਨੂੰ ਫਲ ਖਿਲਾਂਦੈ ਕੁੰਜੜਾ[1],
ਖ਼ੁਦ ਵਿਚਾਰਾ ਮੁੰਗਫਲੀ ਹੈ ਖਾ ਰਿਹਾਂ।

✣

ਕੀ ਕਰਾਂਗੇ ਇਕ ਮੰਦਰ ਉਸਰਿਆਂ,
ਮਨ ਦੇ ਮੰਦਰ ਜੇ ਹਜ਼ਾਰਾਂ ਢਹਿ ਗਏ।

✣

ਲੋਕ ਤੰਤਰ ਹੈ ਨਾ ਅਪਣਾਂ ਰਾਜ ਹੈ,
ਵੋਟ-ਤੰਤਰ ਹੈ ਤੇ ਡਾਕੂ-ਰਾਜ ਹੈ।

✣

1. ਕੁੰਜੜਾ-ਫੱਲ ਬੇਚਣ ਵਾਲਾ



Sri Satguru Jagjit Singh Ji eLibrary NamdhariElibrary@gmail.com

ਕੁਝ ਵੀ ਜੇ ਕਰਨਾਂ ਨਹੀਂ ਹੋ ਜਾਣਦੇ,
ਫੁੱਟ ਪਾ ਲੋਕਾਂ 'ਚ' ਬਸ ਮੌਜਾਂ ਕਰੋ।

ਆੜ ਲੈ ਕੇ ਧਰਮ ਦੀ ਨੇਤਾ ਗਣੋ,
ਵੋਟ ਪੱਕੇ ਕਰਨ ਦੇ ਆਹਰਾਂ 'ਚ' ਹੋ।

ਸਦਰ ਦੀ ਕੁਰਸੀ ਤੇ ਨਾ ਬੈਠੀਂ ਕਦੀ,
ਹਰ ਕਿਸੇ ਨੂੰ ਵਾਹ ਵਾਹ ਕਹਿਣੀ ਪਵੇਗੀ।

ਅੱਜ ਕਵੀ ਦਰਬਾਰ ਦੀ ਹੱਦ ਹੋ ਗਈ,
ਬੱਸ ਬੁਲਾਰੇ ਰਹਿ ਗਏ ਇਕ ਵੀ ਸਰੋਤਾਂ ਨਾਂ ਰਿਹਾ।

ਮਿਲ ਕੇ ਤੈਨੂੰ ਜੋ ਖੁਸ਼ੀ ਮਿਲਦੀ ਏ ਯਾਰ,
ਮੰਗਿਆਂ ਜਾਂ ਮੁੱਲ ਕਿਤੋਂ ਵੀ ਨਾਂ ਮਿਲੇ।

ਮੇਰਾ ਤਨ ਮਨ ਹੌਲਾ ਫੁਲ ਹੋਇਆ ਫਿਰੇ,
ਮੋਜਜ਼ਾ ਹੈ ਬੱਸ ਤੇਰੇ ਦੀਦਾਰ ਦਾ।



Sri Satguru Jagjit Singh Ji eLibrary NamdhariElibrary@gmail.com

ਪਾਸ ਤੇਰੇ ਬੈਠਿਆਂ ਠੰਢ ਜਾਪਦੀ,
ਉਂਜ ਤਾ ਮਾਹੌਲ ਗਰਮਾ-ਗਰਮ ਹੈ।

ਹੱਟੀਆਂ ਸਾਮਾਨ ਸੰਗ ਨੇ ਤੂੜੀਆਂ,
ਜੇਬ ਵਿਚ ਹੀ ਪੈਸਿਆਂ ਦੀ ਥੋੜ ਹੈ।

ਪਾਸ ਤੇਰੇ ਦੱਸ ਕੀ ਆਵਾਂ ਦੋਸਤਾ,
ਤੇਰੀਆਂ ਨਜ਼ਮਾਂ ਦਾ ਲੰਬੈ ਸਿਲਸਲਾ।

ਪੁੱਛਿਆ ਲੋਕਾਂ ਕਿਵੇਂ ਖੀਵਾ ਫਿਰੇਂ,
ਮੈਂ ਕਿਹਾ ਅੱਜ ਯਾਰ ਵਾਟੇ[1] ਮਿਲ ਪਿਆ।

ਸ਼ਹਿਰ ਬੇ ਰੌਣਕ ਹੈ ਅਸਲੋਂ ਲਗ ਰਿਹਾ
ਜੇਬ ਚੋਂ ਪੈਸੇ ਖਤਮ ਜਾਂ ਹੋ ਗਏ।

ਭਰੀਆਂ ਜੇਬਾਂ ਵਾਲਿਆਂ ਨੂੰ ਕੀ ਪਤਾ,
ਜੇਬ ਖਾਲੀ ਹੋਣ ਤੇ ਕੀ ਬੀਤਦੀ।

1. ਵਾਟੇ-ਰਾਹ ਵਿਚ



Sri Satguru Jagjit Singh Ji eLibrary NamdhariElibrary@gmail.com

✣

ਚਲ ਰਿਹਾਂ ਕੱਲਾ ਹੀ ਆਪਨੀ ਡਗਰ ਤੇ,
ਜੇ ਹਕੀਕਤ ਪਾਸ ਹੈ ਤਾਂ ਡਰ ਨਹੀਂ।

✣

ਦਰਦ ਦਾ ਵੀ ਇਕ ਅਨੋਖਾ ਲੁੱਤਫ ਹੈ,
ਉਹ ਕੀ ਜਾਣੇ ਜਿਸ ਨਾਂ ਇਸ ਨੂੰ ਮਾਣਿਆ।

✣

ਕੌਣ ਸਾਡੇ ਬਾਰ ਅਗੋਂ ਲੰਘ ਗਿਆ,
ਤੱਤੀਆਂ ਪੌਣਾਂ ਨੂੰ ਵੀ ਠੰਢ ਪੈ ਗਈ।

✣

ਸ਼ਾਇਰੋ ਰਹਿਣਾਂ ਜ਼ਰਾ ਹੁਸ਼ਿਆਰ ਹੁਣ
ਰਾਜ-ਨੀਤੀ ਗਜ਼ਲ ਵਿਚ ਹੈ ਧੱਸ ਰਹੀ।

✣

ਪਿਆਰ ਅਨੁਭਵ ਦਾ ਹੈ ਸਾਗਰ ਦੋਸਤੋ,
ਕਬਜ਼ਾ ਕਰਕੇ ਇਸ ਨੂੰ ਗੰਧਲਾ ਨਾ ਕਰੋ।

✣

ਜੰਗਲਾਂ ਵਿਚ ਰੱਬ ਭਾਲਣ ਵਾਲਿਓ,
ਉਹ ਦਿਲਾਂ ਵਿਚ ਵੱਸਦੈ ਟੋਹਵੋ ਜ਼ਰਾ।

✣



Sri Satguru Jagjit Singh Ji eLibrary NamdhariElibrary@gmail.com

✣

ਲੱਖ ਪਰਦੇ ਕਰਨੀਆਂ ਤੇ ਪਾ ਲਵੋ,
ਪਰ ਹਕੀਕਤ ਨੂੰ ਕਿਵੇਂ ਝੁਠਲਾਉਗੇ।

✣

ਹਰ ਤਰਫ ਹਰ ਚੀਜ਼ ਦੀ ਬਹੁਤਾਤ ਹੈ,
ਪਰ ਕਿਤੋਂ ਨਾਂ ਲਭਦੀਆਂ ਹਮਦਰਦੀਆਂ।

✣

ਜ਼ਿੰਦਗੀ ਵਿਚ ਉਂਝ ਤਾਂ ਦੁਖ ਬਹੁਤ ਨੇ,
<u>ਤੰਗ-ਦਸਤੀ</u> ਸਭ ਤੋਂ ਵਡਾ ਦੁੱਖ ਹੈ।

✣

ਸੁਖ ਦੇ ਸਾਹ ਬੰਦੇ ਲਈ ਦੁਰਲੱਭ ਨੇ,
ਲੰਘ ਜਾਂਦੀ ਉਮਰ ਗੀਟੇ ਗਿਣਦਿਆਂ।

✣

<u>ਸ਼ੇਅਰ-ਗੋਈ</u> ਇਕ ਹੈ ਲੰਮਾ ਸਿਲਸਲਾ,
ਉਮਰ ਭਰ ਟੁੱਟਣਾਂ ਨਹੀਂ ਮੁੱਕਣਾਂ ਨਹੀਂ।

✣

ਜ਼ਿੰਦਗੀ ਦੀ ਰਾਸ ਦਿਨ ਦਿਨ ਮੁੱਕ ਰਹੀ,
ਪਰ ਖਤਮ ਹੁੰਦੀਆਂ ਨਾਂ ਜਾਪਣ ਔਕੜਾਂ।

✣

1. ਤੰਗ-ਦਸਤੀ-ਗਰੀਬੀ 2. ਸ਼ੇਅਰ-ਗੋਈ-ਸ਼ੇਅਰ ਕਹਿਣਾ



Sri Satguru Jagjit Singh Ji eLibrary NamdhariElibrary@gmail.com

✣

ਦੂਰ ਨਜ਼ਰਾਂ ਤੋਂ ਉਹ ਜਿਤਨਾ ਰਹਿ ਰਿਹੈ,
ਦਿਲ ਦੇ ਨੇੜੇ ਹੋਰ ਨੇੜੇ ਹੋ ਗਇਆ।

✣

ਬਿਨ ਤੇਰੇ ਹੁੰਦਾ ਗੁਜ਼ਾਰਾ ਹੀ ਨਹੀਂ,
ਦਿਲ ਵਿਚਾਰਾ ਖ਼ਾਹਮਖ਼ਾਹ ਬਦਨਾਮ ਹੈ।

✣

ਕੰਮ ਪੁਆ ਦੇਂਦਾ ਏ ਮੁਲ ਇਨਸਾਨ ਦਾ,
ਕੌਣ ਪੁੱਛਦਾ ਏ ਨਿਕੰਮਿਆ ਨੂੰ ਭਲਾ।

✣

ਛੱਡ ਗਏ ਸੱਜਣ ਦਾ ਕਾਹਦਾ ਦੁੱਖ ਹੈ,
ਰੁੱਖ ਵੀ ਪੱਤੇ ਪੁਰਾਣੇ ਝਾੜਦੈ।

✣

ਯਾਦ ਤੇਰੀ ਇਕ ਹੁਲਾਰਾ ਦੇ ਗਈ,
ਜੇਠ ਵਿਚ ਪੁਰਵਾਈ ਜੀਕਰ ਚਲ ਪਈ।

✣

ਗ਼ਮ ਸਿਰਫ਼ ਹੈ ਤੂੰ ਹੀ ਅਪਣਾਂ ਨਾਂ ਰਿਹਾ,
ਹੋਰ ਦੱਸ ਅਪਣਾਂ ਮੈਂ ਹੁਣ ਕਿਸ ਨੂੰ ਕਹਾਂ।

✣


Sri Satguru Jagjit Singh Ji eLibrary NamdhariElibrary@gmail.com

✣

ਅੱਜ ਦੇ ਨੇਤਾਵਾਂ ਦੀ ਗੱਲ ਕੀ ਛੇੜੀਏ,
ਖਾ ਰਹੇ ਲੋਕਾਂ ਨੂੰ ਅੱਜ ਹੱਡੀਆਂ ਸਣੇ।

✣

ਵਾੜ ਖੇਤਾਂ ਸਾਰਿਆਂ ਨੂੰ ਖਾ ਰਹੀ,
ਇਸ ਨੂੰ ਕਿਹੜੀ ਅੱਗ ਨੇ ਹੈ ਸਾੜਣਾਂ।

✣

ਇਹ ਨਜ਼ਾਮ ਐਸਾ ਹੈ ਫਸਦੇ ਬੇਗੁਨਾਹ,
ਅਜ ਗੁਨਾਹਗਾਰਾਂ ਦੇ ਹਥ ਇਨਸਾਫ ਹੈ।

✣

ਆਸਰਾ ਮੈਨੂੰ ਵੀ ਤੇਰਾ ਰੱਬ ਜਿਹਾ,
ਤੂੰ ਗਇਓਂ ਹੈ ਰੱਬ ਮੈਥੋਂ ਰੁੱਸਿਆ।

✣

ਦਾਸਤਾਨੇ ਗਮ ਸੁਨਾਈ ਕੀਹ ਲਿਆ,
ਹੱਸ ਕੇ ਉਹਨਾਂ ਕਿਹਾ ਇਹ ਝੂਠ ਹੈ।

✣

ਕੈਸੀ ਹਾਲਤ ਵਿਚ ਹੈ ਉਹ ਜੀ ਰਿਹਾ,
ਘਟ ਤੋਂ ਘਟ ਇਤਨਾਂ ਤਾਂ ਮੈਨੂੰ ਪੁੱਛਦੇ।

✣



Sri Satguru Jagjit Singh Ji eLibrary NamdhariElibrary@gmail.com

✣

ਸਿਹਤਮੰਦ ਹੋਣਾਂ ਵੀ ਹੈ ਖ਼ੁਸ਼ ਕਿਸਮਤੀ,
ਸਾਧਨਾਂ ਬਿਨ ਸਿਹਤ ਕਾਇਮ ਨਾ ਰਹੇ।

✣

ਖਾ ਲਵੋ ਕਿਤਨੀ ਦਵਾਈ ਕੀਮਤੀ,
ਅਸਰ ਪਰ ਪਰਹੇਜ਼ ਬਿਨ ਕਰਦੀ ਨਹੀਂ।

✣

ਰਾਜ਼ ਨੀਤੀ ਝੂਠ ਦਾ ਬਿਓਪਾਰ ਹੈ,
ਨੇਤਾ-ਗਣ ਗੱਲਾਂ ਦਾ ਖੱਟਿਆ ਖਾ ਰਹੇ।

✣

ਇਹ ਜੋ ਪਾਟਕ ਪੈ ਹੋ ਥਾਂ ਥਾਂ ਦੇਖਦੇ,
ਖ੍ਹਰਵਿਆਂ ਬੋਲਾਂ ਦਾ ਸਾਰਾ ਅਸਰ ਹੈ।

✣

ਬਦ-ਸਲੂਕੀ ਦੂਜਿਆਂ ਸੰਗ ਨ ਕਰੋ,
<u>ਖੁਸ਼-ਸਲੂਕੀ</u> ਨਾਲ ਦੁਨੀਆ ਜਿਤ ਲਵੋ।

✣

ਤਰਸ ਆ ਜਾਂਦਾ ਏ ਉਸ ਇਨਸਾਨ ਤੇ,
ਈਰਖਾ ਦੀ ਅੱਗ ਜੋ ਸੀਨੇ ਪਾਲਦੈ।

✣

1. ਖੁਸ਼-ਸਲੂਕੀ-ਚੰਗਾ ਵਿਹਾਰ



Sri Satguru Jagjit Singh Ji eLibrary NamdhariElibrary@gmail.com

ਅੱਗ ਬੁਝਾਣੀ ਬਾਹਰ ਦੀ ਆਸਾਨ ਹੈ,
ਸ਼ਾਂਤ ਹਿਰਦੇ ਹੋਣ ਤਾਂ ਹੀ ਜਾਣੀਏ।

ਦਿਲ ਦੀ ਗੱਲ ਹਰ ਏਕ ਸੰਗ ਨ ਹੋ ਸਕੇ,
ਹਰ ਮਨੁੱਖ ਦੇ ਪਾਸ ਹੁੰਦਾ ਦਿਲ ਨਹੀਂ।

ਯਾਰ ਦੀ ਯਾਰੀ ਦਾ ਰੱਖਣਾਂ ਪਾਸ ਹੈ,
ਉਸ ਦੇ ਨੁਕਸਾਂ ਨੂੰ ਮੈਂ ਨਖਰਾ ਜਾਣਿਆ।

ਜਿਸ ਹਕੀਕਤ ਨੂੰ ਮੈਂ ਥਾਂ ਥਾਂ ਭਾਲਿਆ,
ਉਹ ਮੈਂ ਅਪਣੇ ਹਿਰਦਿਓਂ ਹੀ ਪਾ ਲਈ।

ਸਾਮ-ਵਾਦਾਂ ਦਾ ਚੁਫੇਰੇ ਰਾਜ ਹੈ,
ਅਪਣੀਆਂ ਸੇਧਾਂ ਨੇ ਸਭ ਨੂੰ ਦੇ ਰਹੇ।

ਜ਼ਿੰਦਗੀ ਦੀ ਦੌੜ ਕਿਤਨੀ ਤੇਜ਼ ਹੈ,
ਭਜ ਰਹੇ ਸਾਰੇ ਹੀ ਹਾਂ ਬਿਨ-ਮਨਜ਼ਿਲੋਂ।

1. ਸਾਮ-ਵਾਦੀ-ਸਰਮਾਏਦਾਰੀ



Sri Satguru Jagjit Singh Ji eLibrary NamdhariElibrary@gmail.com

ਬਚਪਣਾਂ ਤੇ ਹੈ ਜਵਾਨੀ ਬੇਵਫਾ,
ਇਕ ਬੁਢਾਪਾ ਹੈ ਜੋ ਨਿਭਦਾ ਨਾਲ ਹੈ।

ਕਿਓਂ ਖ਼ਫਾ ਹੁੰਦੇ ਹੋ ਖਫ਼ਗੀ[1] ਠੀਕ ਨਾਂ,
ਖ਼ੁਸ਼ ਤਬੀਅਤ ਰਹਿ ਕੇ ਦੋ ਦਿਨ ਜੀ ਲਵੋ।

ਜ਼ਿੰਦਗੀ ਦੇ ਸਾਜ਼ ਨੂੰ ਸੁਰ ਬੱਧ ਕਰੋ,
ਮਧੁਰ ਕੋਈ ਗੀਤ ਗਾਓ ਦੋਸਤੋ।

ਪਾਟਿਆਂ ਨੂੰ ਸੀਨ ਦਾ ਜੇ ਵੱਲ ਨਹੀਂ,
ਪਾੜ ਕੇ ਨ ਦੋ ਦਿਲਾਂ ਨੂੰ ਦੋ ਕਰੋ।

ਵਿਚ ਮੁਸੀਬਤ ਦੇ ਉਹ ਕਿਤਨੀ ਜਾਨ ਹੈ,
ਜਿਸ ਦੇ ਅੰਦਰ ਈਰਖਾ ਅੱਗ ਸੁਲਗਦੀ?

ਝੂਠੀਆਂ ਮੰਗਾਂ ਨ ਮੰਗੋ ਯਾਰ ਤੋਂ,
ਸੱਚਾ ਸੁੱਚਾ ਪਿਆਰ ਉਸਦੀ ਦੇਣ ਹੈ।

1. ਖਫ਼ਗੀ-ਨਾਰਾਜ਼ਗੀ



Sri Satguru Jagjit Singh Ji eLibrary NamdhariElibrary@gmail.com

✣

ਵਸਲ ਦੀ ਉਮਰਾ ਹੈ ਇਕ ਪਲ ਜਾਪਦੀ,
ਹਿਜਰ ਦਾ ਇਕ ਪਲ ਵੀ ਉਮਰਾ ਜੇਡ ਹੈ।

✣

ਹੋਸ਼ ਵਿਚ ਰਹਿ ਕੇ ਇਹ ਜੀਵਨ ਜੀ ਲਵੋ,
ਦਿਨ ਦਿਹਾੜੇ ਲੁਟ ਨ ਜਾਏ ਕਾਰਵਾਂ।

✣

ਫੁੱਲ ਦਾ ਜੈਸਾ ਹੈ ਜੋਬਨ ਸ਼ਾਖ ਤੇ,
ਟੁੱਟਿਆਂ ਉਹ ਕੈਮਾ ਰਹਿ ਸਕਦਾ ਨਹੀਂ।

✣

ਸੋਚਿਆ ਫੁੱਲ ਨੇ ਕਿ ਮੁਰਝਾਣਾਂ ਤਾਂ ਹੈ,
ਟੁੱਟ ਕੇ ਕਿਓਂ ਨਾਂ ਪਰਚਾਂ ਹਾਰ ਵਿਚ।

✣

ਘਰ ਹੈ ਜੱਨਤ ਵਾਂਗ ਧਰਤੀ ਏਸ ਤੇ,
ਪਰ ਕਦਰ ਆਓਂਦੀ ਘਰੋਂ ਜਾਂ ਨਿਕਲੀਏ।

✣

ਹਰ ਕਿਸੇ ਦੇ ਮਗਰ ਲੱਗ ਨਾ ਤੁਰ ਪਵੋ,
ਹੋ ਤੁਸੀਂ ਇਨਸਾਨ ਭੇਡਾਂ ਤਾਂ ਨਹੀਂ।

✣

1. ਵਸਲ-ਮਿਲਨ 2. ਪਰੁਚਾਂ-ਪਰੋਇਆ ਜਾਵਾਂ



Sri Satguru Jagjit Singh Ji eLibrary NamdhariElibrary@gmail.com

✣

ਹੋਰ ਹੈ ਕਿਰਦਾਰ ਕਹਿਣੀ ਹੋਰ ਹੈ,
ਦੂਜਿਆਂ ਤੇ ਅਸਰ ਫਿਰ ਹੋਵੇ ਕਿਵੇਂ।

✣

ਜ਼ਿੰਦਗੀ ਦਾ ਇਕ ਨਿਸ਼ਾਨਾ ਮਿੱਥ ਲਵੋ,
ਬੇੜੀਆਂ ਦੋਵਾਂ ਤੇ ਲੱਗੀਏ ਪਾਰਨਾਂ।

✣

ਅਪਣੇ ਹੀ ਭਾਈ ਬਨਣ ਜੈ ਚੰਦ ਜਾਂ,
ਸਲਤਨਤ ਐਸੀ ਦਾ ਵਾਲੀ ਰੱਬ ਹੈ।

✣

ਹਰ ਕਿਸੇ ਦੇ ਸਾਹਮਣੇ ਦੁਖ ਫੋਲਣਾਂ,
ਦੁੱਖ ਤੋਂ ਵਡਾ ਕਿਤੇ ਇਹ ਦੁੱਖ ਹੈ।

✣

ਮੈਂ ਤੇਰੀ ਇਕ ਰਮਜ਼ ਵੀ ਨਾਂ ਸਮਝਿਆ,
ਸਭ ਤੂੰ ਮੇਰੇ ਰਾਜ਼ ਦਿਲ ਦੇ ਜ਼ਾਣਨੈ।

✣

ਠੀਕ ਹੈ ਵਿਸ਼ਵਾਸ਼ ਦਾ ਅੱਜ ਕਾਲ ਹੈ,
ਫੇਰ ਵੀ ਦੁਨੀਆਂ ਖੜੀ ਵਿਸ਼ਵਾਸ਼ ਤੇ।

✣



Sri Satguru Jagjit Singh Ji eLibrary NamdhariElibrary@gmail.com

✣

ਯਾਰੀਆਂ ਦੇ ਨਿਭਣ ਦੀ ਨਾਂ ਗੱਲ ਕਰੋ,
ਦੌਰ ਦੌਰੈ ਬੇਵਫ਼ਾਈਆਂ ਕਰਨ ਦਾ।

✣

ਹਰ ਮੁਸੀਬਤ ਪੁੱਛ ਕੇ ਆਉਂਦੀ ਨਹੀਂ,
ਆ ਹੀ ਜਾਏ ਹੱਸ ਹੱਸ ਕੇ ਝੱਲੀਏ।

✣

ਕਰਜ਼-ਖ਼ਾਹੋ ਬਦ-ਨੀਯਤ ਮੈਂ ਹਾਂ ਨਹੀਂ,
ਕਰ ਦਿੱਤਾ ਹਾਲਾਤ ਨੇ ਐਹੋ ਜਿਹਾ।

✣

ਲੈ ਲਵਾਂ ਬਾਹਾਂ ਚ' ਘੁੱਟ ਸੰਸਾਰ ਨੂੰ,
ਇਹ ਮੇਰਾ ਸਪਨਾ ਵੀ ਹੈ ਚਾਹਤ ਵੀ ਹੈ।

✣

ਦੂਰ ਤੋਂ ਖਿੱਚਦੀ ਹੈ ਖ਼ੁਸ਼ਬੂ ਫੁੱਲ ਦੀ,
ਉਸ ਕਿਸੇ ਨੂੰ ਕਦ ਨੇ ਵਾਜਾਂ ਮਾਰੀਆਂ।

✣

ਬਾਂਸ ਦੀ ਲਕੜੀ ਹੈ ਦੁਨੀਆ ਪਿਆਰ ਬਿਨ,
ਆਪੋ ਵਿਚ ਖਤਰਾ ਏ ਖਹਿ ਖਹਿ ਸੜਨ ਦਾ।

✣



Sri Satguru Jagjit Singh Ji eLibrary NamdhariElibrary@gmail.com

✣

ਕਿਸ ਘੜੀ ਨੂੰ ਕੀਮਤੀ ਹੋ ਕਹਿ ਰਹੇ,
ਉਮਰ ਦਾ ਹਰ ਪਲ ਹੀ ਕੋਹੇਨੂਰ ਹੈ।

✣

ਲੋੜ ਪੂਰੀ ਲੋੜ-ਵੰਦ ਦੀ ਕਰ ਦਿਓ,
ਇਸ ਤੋਂ ਵੱਡੀ ਹੋਰ ਭਗਤੀ ਹੈ ਨਹੀਂ।

✣

ਦਿਲ ਦੀ ਸੰਤੁਸ਼ਟੀ ਹੋ ਜੇਕਰ ਲੋੜਦੇ,
ਬੇ-ਕਰਾਰਾਂ ਨੂੰ ਕਰੋ ਸੰਤੁਸ਼ਟ ਫਿਰ।

✣

ਦੇਣ-ਦਾਰੀ ਪੁੱਤਰ ਦੀ ਵੀ ਹੈ ਬੁਰੀ,
ਇਸ ਤੋਂ ਵਡਾ ਕੋੜ੍ਹ ਕੋਈ ਹੈ ਨਹੀਂ।

✣

ਵੇਖਿਆ ਤੈਨੂੰ ਬੜੀ ਹੀ ਵਾਰ ਪਰ,
ਛੱਬ ਤੇਰੀ ਹਰ ਵਾਰ ਹੈ ਨਵੀਓਂ ਨਵੀਂ।

✣

ਪੁਛਦੈਂ ਕਿਸ ਕਿਸ ਦਾ ਦੇਵਨ-ਹਾਰ ਹੈਂ,
ਇਹ ਕਹੋ ਕਿ ਕਿਸ ਦਾ ਮੈਂ ਦੇਣਾਂ ਨਹੀਂ।

✣



Sri Satguru Jagjit Singh Ji eLibrary NamdhariElibrary@gmail.com

ਧਰਮ ਦਾ ਲੰਬਾ ਲਬਾਦਾ[1] ਪਹਿਨ ਕੇ,
ਲੁੱਟ ਰਹੇ ਚਾਲਾਕ ਲੋਕੀ ਜੱਗ ਨੂੰ।

ਕੋਇਲੇ! ਆਇਆ ਨ ਕਰ ਪੰਧ ਮਾਰ ਕੇ,
ਕਰ ਲਏ "ਰੀਕਾਰਡ" ਤੇਰੇ ਬੋਲ ਹੁਣ।

ਕਰਨ ਦਾ ਇਜ਼ਹਾਰੇ ਗ਼ਮ ਹੈ ਲਾਭ ਕੀਹ,
ਸੁਣਨ ਵਾਲੇ ਗ਼ਮ ਫਿਕਰ ਤੋਂ ਦੂਰ ਨੇ।

ਬਿਨ ਮਿਲੇ ਹੀ ਤੁਰ ਗਏ ਹੋ ਪਿਆਰਿਓ,
ਤਕ ਰਹੇ ਹਾਂ ਦੂਰ ਉਡਦੀ ਧੂੜ ਨੂੰ।

ਪਿਆਰ ਇਕ ਤਰਫਾ ਕਦੇ ਨਿੱਭਦਾ ਨਹੀਂ,
ਇਹ ਦੁਵੱਲੀ ਖਿੱਚ ਦਾ ਹੈ ਮੋਜਜ਼ਾ।

ਕੀਹ ਕਰੇ ਕੋਈ ਕਿਸੇ ਦੇ ਦੁੱਖ ਨੂੰ,
ਹਰ ਕਿਸੇ ਦਾ ਅਪਣਾਂ ਅਪਣਾਂ ਦੁੱਖ ਹੈ।

1. ਲਬਾਦਾ-ਨਕਾਬ



Sri Satguru Jagjit Singh Ji eLibrary NamdhariElibrary@gmail.com

✣

ਕੁਰਸੀਆਂ ਖਾਤਿਰ ਤੁਸੀਂ ਨੇਤਾ ਗਣੋ,
ਜ਼ਿੰਦਗੀ ਲੋਕਾਂ ਦੀ ਦੂ-ਭਰ ਕਰ ਰਹੇ।

✣

ਲਾਹੇ ਵੰਦ ਹੈ ਦੌੜਣਾਂ ਸੇਹਤ ਲਈ,
ਦੌੜਦੇ ਕਾਇਰ ਨੇ ਪਰ ਮੈਦਾਨ ਚੋਂ।

✣

ਗਮ ਬਿਨਾਂ ਇਨਸਾਨ ਐਸਾ ਫੁੱਲ ਹੈ,
ਸੁਹਜ ਹੈ ਜਿਸ ਵਿਚ ਮਗਰ ਖ਼ੁਸ਼ਬੂ ਨਹੀਂ।

✣

ਭਰ ਕੇ ਝੋਲਾ ਲੋਕ ਬੈਂਕੋਂ ਨਿਕਲਦੇ,
(ਪਰ) ਬੈਂਕ ਅਗੋਂ ਲੰਘਿਆਂ ਗਰਦਨ ਝੁਕਾ।

✣

ਜ਼ੁਲਮ ਕੀਤਾ ਵੈਦ ਨੇ ਦਿੱਤੀ ਦਵਾ,
ਦਾਇਮੀ-ਸੁੱਖ ਮੌਤ ਵਲ ਸਾਂ ਜਾ ਰਿਹਾ।

✣

ਇਹ ਸ਼ਫ਼ਾ-ਖਾਨੇ[1] ਸਿਆਨੇ ਵੈਦ ਸਭ,
ਮੌਤ ਨੂੰ ਟਾਲਣ ਦੇ ਇਹ ਸਮਰੱਥ ਨਹੀਂ।

✣

1. ਸ਼ਫ਼ਾ-ਖਾਨੇ-ਦਵਾਖ਼ਾਨੇ



Sri Satguru Jagjit Singh Ji eLibrary NamdhariElibrary@gmail.com

ਕੌਣ ਆਖੇ ਜਾ ਕੇ ਭੋਲੇ ਵੈਦ ਨੂੰ,
ਦਰਦ ਹੀ ਜੀਵਨ ਹੈ ਨ ਦੇਵੀਂ ਦਵਾ।

ਵੈਦ ਜੀ ਤੇਰੀ ਦਵਾ ਤੇ ਸ਼ਕ ਨਹੀਂ,
ਮਰਜ਼ ਹੀ ਮੇਰੀ ਹੈ ਕੁਝ ਐਹੋ ਜਹੀ।

ਵੈਦ ਆਖੇ ਮਰਜ਼ ਕੋਈ ਹੋਰ ਨਹੀਂ,
ਪਿਆਰ ਦੀ ਇਸ ਨੂੰ ਅਲਰਜੀ ਜਾਪਦੀ।

ਪੁੱਤਰ ਨਾਂ ਮਾਰੋ ਕਿਸੇ ਦੇ ਜ਼ਾਲਮੋ,
ਮਰਨਗੇ ਮਾਪੇ ਬਿਨਾਂ ਹੀ ਮੌਤ ਦੇ।

ਨਿਰਧਨਾਂ ਦਾ ਜੀਣ - ਕਾਹਦਾ ਜੀਣ ਹੈ,
ਸਾਏ ਤੋਂ ਵੀ ਡਰ ਰਹੇ ਧੰਨਵਾਨ ਸਭ।

ਧੂੜ ਦੇ ਬੱਦਲਾਂ ਚ' ਤੂੰ ਗੁੰਮ ਹੋ ਗਇਓਂ,
ਪਰ ਮੇਰੀ ਚਾਹਤ ਨਾਂ ਗੁੰਮ ਹੋਈ ਅਜੇ।


Sri Satguru Jagjit Singh Ji eLibrary NamdhariElibrary@gmail.com

ਸ਼ੇਖੀਆਂ ਸ਼ਕਤੀ ਦੀਆਂ ਕਿਉਂ ਮਾਰਦੈਂ,
ਵੱਧ ਤੋਂ ਵੱਧ ਸ਼ਕਤੀ ਦੇ ਮਾਲਕ ਹੋਏ ਨੇ।

ਅਣਖ ਦਾ ਜੀਣਾਂ ਤਾਂ ਪਲ ਭਰ ਬਹੁਤ ਹੈ,
ਬੇ-ਅਣਖ ਉਮਰਾਂ ਹੰਢਾਈ ਕੀਹ ਲਿਆ।

ਬਦਲਾ ਲੈਣਾਂ ਕਾਇਰਾਂ ਦਾ ਕੰਮ ਹੈ,
ਮਾਫ ਕਰ ਦੇਂਦੇ ਬਹਾਦਰ ਲੋਕ ਨੇ।

ਲੁਕ ਨਹੀਂ ਸਕਦੀ ਹਕੀਕਤ ਦੋਸਤੋ,
ਫੂਸ ਥੱਲੇ ਅੱਗ ਲੁਕਾਇਆਂ ਨ ਲੁਕੇ।

ਦਰਦੇ ਦਿਲ ਦੀ ਦਾਸਤਾਂ ਜੇ ਸੁਣ ਲਵੋ,
ਕੋਈ ਵੀ ਸ਼ਾਇਦ ਭੁਲੇਖਾ ਨ ਰਹੇ।

ਮਰ ਗਇਆਂ ਦੇ ਸੋਹਿਲੇ ਸਭ ਗਾ ਰਹੇ,
ਜੀਂਦਿਆਂ ਦੀ ਗੱਲ ਕਰਦਾ ਕੌਣ ਹੈ।


Sri Satguru Jagjit Singh Ji eLibrary NamdhariElibrary@gmail.com

ਜਿਸ ਜ਼ਿਮੀਂ ਖਾਤਰ ਹੈਂ ਅਪਣੇ ਮਾਰਦਾ,
ਉਹ ਹੀ ਇਕ ਦਿਨ ਆਪ ਤੈਨੂੰ ਖਾਏਗੀ।

ਜ਼ਿੰਦਗੀ ਮੇਰੀ ਦਾ ਜੋ ਸੀ ਰਾਜ਼ਦਾਂ,
ਉਹ ਹੀ ਸਾਰੇ ਰਾਜ਼ ਅਫਸ਼ਾਂ ਕਰ ਗਇਆ।

ਕਤਲ ਕਰ ਦੇਂਦੇ ਹੋ ਕਿਓਂ ਇਨਸਾਨ ਦਾ,
ਖ਼ੁਦ ਤਾਂ ਇਕ ਕੀੜੀ ਬਨਾ ਸਕਦੇ ਨਹੀਂ।

ਹੁੰਦੀਆਂ ਨ ਜੇ ਕਦੇ ਮਜਬੂਰੀਆਂ,
ਕੋਈ ਵੀ ਬੰਦਾ ਨਿਗੱਲਾ ਨ ਬਣੇ।

ਕਰਦਿਆਂ ਰੌਣੀ ਦੁਪਹਿਰੇ ਗੀਤ ਕੋਈ ਗਾ ਰਿਹਾ,
ਏ.ਸੀ. ਸਾਹਵੇ ਬੈਠ ਕੇ ਵੀ ਕਿਉਂ ਕੋਈ ਬੇਚੈਣ ਹੈ।

ਕਿਸ ਤਰ੍ਹਾਂ ਦੇ ਸੁੱਖ ਹੋ ਫਿਰਦੇ ਭਾਲਦੇ,
ਸੱਚਾ ਸੁੱਖ ਤਾਂ ਸਬਰ ਕੀਤੇ ਪਾਈਦਾ।

1. ਰਾਜ਼ਦਾਂ-ਭੇਦ ਜਾਨਣ ਵਾਲਾ 2. ਅਫਸ਼ਾਂ-ਜ਼ਾਹਿਰ ਕਰਨਾ



Sri Satguru Jagjit Singh Ji eLibrary NamdhariElibrary@gmail.com

ਨਾਮ ਤੇਰਾ ਲੈਂਦਿਆਂ ਮਿਸ਼ਰੀ ਘੁਲੇ,
ਬੋਲ ਤੇਰੇ ਮਿਸ਼ਰੀਓਂ ਮਿੱਠੇ ਕਿਤੇ।

ਲੋਕ ਅਜ ਮਤਲਬ ਪਰਸਤੀ ਵਾਸਤੇ,
ਅਣਖ, ਇੱਜ਼ਤ, ਮਾਨ ਵੇਖੋ ਵੇਚਦੇ।

ਘੁੰਡੀਆਂ ਦੇ ਨਾਲ ਭਰਿਆ ਹੈ ਜਹਾਂ,
ਦਿਲ ਦੀ ਘੁੰਡੀ ਕਿਸ ਦੇ ਸਾਹਵੇਂ ਖੋਹਲੀਏ।

ਹਰ ਕਿਸੇ ਨੂੰ ਨਾਂ ਬਨਾਓ ਰਾਜ਼ਦਾਂ,
ਸਭ ਤੋਂ ਵੱਡਾ ਰਾਜ਼ਦਾਂ ਦਿਲ ਹੀ ਤਾਂ ਹੈ।

ਛੋਹ ਕਿਸੇ ਦੀ ਨੇ ਹੈ ਕੀਤਾ ਮੋਅਜਜ਼ਾ,
ਮੈਂ ਬੁਢਾਪੇ ਵਿਚ ਵੀ ਦਿਸਦਾਂ ਨੌਜਵਾਂ।

ਉਮਰ ਮੁੱਕਣੀ ਸ਼ੇਅਰ ਪਰ ਮੁੱਕਣੇ ਨਹੀਂ,
ਇਹ ਨਦੀ ਐਸੀ ਹੈ ਜੋ ਸੁਕਦੀ ਨਹੀਂ।


Sri Satguru Jagjit Singh Ji eLibrary NamdhariElibrary@gmail.com

ਕਦਰਦਾਂ ਬਿਨ ਰਾਏ ਆਪਣੀ ਨਾਂ ਦਿਓ,
ਖਾਕ ਵਿਚ ਰੋਲੋ ਨ ਹੀਰੇ ਕੀਮਤੀ।

ਬੋਲਣਾਂ ਬਿਲਕੁਲ ਨਹੀਂ ਮੈਂ ਬੋਲਣਾਂ,
ਬੇਕਦਰ ਮਿੱਤਰਾਂ ਦੇ ਸੰਗ ਨਹੀਂ ਬੋਲਣਾਂ।

ਦੇਸ਼-ਭਗਤੀ ਬਹੁਤ ਔਖਾਂ ਕੰਮ ਹੈ,
ਵਤਨ ਖਾਤਰ ਬੇ-ਵਤਨ ਹੋਣਾਂ ਪਵੇ।

ਸਿਹਤ-ਮੰਦ ਹੀ ਅਸਲ ਦੌਲਤਮੰਦ ਹੈ,
ਰੋਗੀਆਂ ਦੇ ਕੰਮ ਕਿਸ ਨੇ ਦੌਲਤਾਂ।

ਤਨ ਦੀ ਹਰ ਕਿਰਿਆ ਦਿਮਾਗੋਂ ਨਿਕਲਦੀ,
ਦਿਲ ਵਿਚਾਰਾ ਖ਼ਾਹ-ਮਖ਼ਾਹ ਬਦਨਾਮ ਹੈ।

ਜਿਸ ਸਕੂਨੇ-ਕਲਬ ਨੂੰ ਹੋ ਭਾਲਦੇ,
ਉਹ ਮਿਲੇ ਲੋਕਾਂ ਦੀ ਸੇਵਾ ਕੀਤਿਆਂ।

1. ਕਦਰਦਾਂ-ਕਦਰ ਕਰਨ ਵਾਲੇ 2. ਸਕੂਨੇ-ਕਲਬ-ਦਿਲ ਦਾ ਆਰਾਮ



Sri Satguru Jagjit Singh Ji eLibrary NamdhariElibrary@gmail.com

ਝੁਲਸਵੀਂ ਰੁੱਤੇ ਤੂੰ ਮੈਨੂੰ ਮਿਲ ਪਿਓਂ,
ਮੈਂ ਬਿਨਾਂ ਬੱਸ ਦੇ ਹਾਂ ਸ਼ਿਮਲੇ ਪੁਹੁੰਚਿਆ।

ਦੀਦ ਤੇਰੀ ਦੀ ਹੈ ਪੁਰਵਾਈ ਚਲੀ,
ਸੁਖ ਦਾ ਸਾਹ ਆਇਆ ਕਿਤੇ ਮਾਹੌਲ ਨੂੰ।

ਕਰਜ਼ਿਆਂ ਦੀ ਪੰਡ ਸਿਰ ਤੇ ਚੁੱਕ ਕੇ,
ਉਮਰ ਸੁਖ ਦੀ ਨਾਂ ਬਿਤਾਈ ਜਾ ਸਕੇ।

ਉਮਰ ਭਰ ਮੈਨੂੰ ਨਹੀਂ ਤੂੰ ਸਮਝਿਆ,
ਸਮਝਿਆ ਜਿਸ ਦਿਨ ਤਾਂ ਭੱਜਿਆ ਆਏਂਗਾ।

ਕਰਜ਼ ਦਾ ਲੱਖ ਲੱਖ ਵਾਰੀ ਸ਼ੁਕਰੀਆ,
ਜੋ ਕਰਾ ਦੇਂਦੈ ਤੇਰਾ ਦੀਦਾਰ ਨਿੱਤ।

ਸ਼ੱਕ ਨੂੰ ਐਸੀ ਛੁਰੀ ਮੈਂ ਆਖਦਾਂ,
ਦੋਸਤੀ ਨੂੰ ਕੋਹ ਕੇ ਜਿਹੜੀ ਸੁਟ ਦਵੇ।


Sri Satguru Jagjit Singh Ji eLibrary NamdhariElibrary@gmail.com

✣

ਜ਼ਿੰਦਗੀ ਦੀ ਹੋਂਦ ਕੀ ਹੈ ਕੁਝ ਨਹੀਂ,
ਲੱਗ ਜੈ ਲੇਖੇ ਕਿਸੇ ਦੇ, "ਲਾਲ" ਹੈ।

✣

ਦੋ ਦਿਨਾਂ ਦਾ ਰਹਿਣ ਦੋ ਤਿੰਨ ਰੋਟੀਆਂ,
ਏਸ ਖ਼ਾਤਰ ਜ਼ੁਲਮ ਇਤਨੇ ਕਿਓਂ ਕਰੋ।

✣

ਦੁੱਖ ਬਿਨਾਂ ਸੁੱਖ ਦੀ ਵੀ ਕੋਈ ਸਾਰ ਨਾਂ,
ਰਾਤ ਨਾਂ ਹੁੰਦੀ ਤਾਂ ਦਿਨ ਬੇਕਦਰ ਸੀ।

✣

ਮੀਂਹ ਪਿਆਂ ਅੱਜ ਸ਼ਾਂਤ ਵਾਤਾਵਰਨ ਹੈ,
ਤਪਸ਼ ਦਿਲ ਦੀ ਨੂੰ ਬੁਝਾਵੇ ਕੌਣ ਪਰ।

✣

ਅਪਣੀ ਅਪਣੀ ਲੋੜ ਦੇ ਸਭ ਦਾਸ ਹਾਂ,
ਕੌਣ ਮਹਿਸੂਸੇ ਕਿਸੇ ਦੀ ਲੋੜ ਨੂੰ।

✣

ਸੜ ਰਹੇ ਪਰਵਾਨਿਆਂ ਨੂੰ ਵੇਖ ਕੇ,
ਅਜ ਸ਼ਮ੍ਹਾਂ ਵੀ ਮਾਰ ਭੁੱਬਾਂ ਹੋ ਰਹੀ।

✣



Sri Satguru Jagjit Singh Ji eLibrary NamdhariElibrary@gmail.com

ਝਿਲ ਮਿਲਾਂਦੇ ਨੇ ਜੋ ਤਾਰੇ ਰਾਤ ਨੂੰ,
ਦੇਸ਼ ਭਗਤਾਂ ਦੀ ਸਜੀ ਮਹਿਫਲ ਹੈ ਇਹ।

ਖ਼ੁਦ-ਗਰਜ਼ ਇਨਸਾਨ ਬਾਰੇ ਕੀ ਕਹਾਂ,
ਇਹ ਮਨੁੱਖਾ ਦੇਹੀ ਵਿਚ ਹੈਵਾਨ ਹੈ।

ਗੁਰਦੁਆਰੇ, ਮਸਜਦਾਂ, ਮੰਦਰਾਂ ਚ' ਨਹੀਂ,
ਰੱਬ ਤਾਂ ਕਹਿੰਦੇ ਨੇ ਹਰ ਥਾਂ ਵੱਸਦੈ।

ਪੱਲਿਆ ਕੁੱਤਾ ਤੂੰ ਕਿਹੜੀ ਨਸਲ ਦਾ,
ਵੇਖ ਕੇ ਮੈਨੂੰ ਹੀ ਕੇਵਲ ਭੌਂਕਦੈ।

ਰਾਜ਼ ਕੋਹੇਨੂਰ, ਮਨ "ਲਾਕਰ" ਜਿਹਾ,
ਕੀ ਪਤਾ ਲੋਕਾਂ ਨੂੰ ਇਸ ਵਿਚ ਕੀਹ ਪਿਆ।

ਇਹ ਜੋ ਟੋਲੇ ਵਿਹਲੜਾਂ ਦੇ ਵਿਚਰਦੇ,
ਡਰਦੇ ਕੰਮ ਤੋਂ ਮੰਗ ਖਾਣੇ ਬਣ ਗਏ।


Sri Satguru Jagjit Singh Ji eLibrary NamdhariElibrary@gmail.com

ਖ਼ੁਸ਼ ਨਸੀਬੀ ਹੈ ਕਿ ਤੇਰੇ ਪਿਆਰ ਨੇ,
ਕਰ ਦਿਤਾ ਵਡ ਮੁੱਲਿਆਂ ਨਾਚੀਜ਼ ਨੂੰ।

ਸੌ ਸਵਾਰਾਂ ਦਾ ਵੀ ਤਿਲ ਭਰ ਡਰ ਨਹੀਂ,
ਡਰ ਤਾਂ ਹੈ ਬੱਸ ਅਪਣੀ ਹੀ ਕਰਤੂਤ ਦਾ।

ਰਿੜਕਿਆਂ ਸਾਗਰ ਹੀ ਮੋਤੀ ਨਿਕਲਦੇ,
ਛੱਪੜਾਂ ਵਿਚ ਘੋਗਿਆਂ ਬਿਨ ਕੁਝ ਨਹੀਂ।

ਜਿਸ ਖ਼ੁਦਾ ਦੇ ਸਾਹਮਣੇ ਹੋ ਸਰਨਗੂੰ,
ਉਹ ਕਿਸੇ ਦਾ ਸਿਰ ਝੁਕਾਕੇ ਖ਼ੁਸ਼ ਨਹੀਂ।

ਕਿਓਂ ਮੜ੍ਹੀ ਤੇ ਦੀਪ ਬਾਲਣ ਜਾ ਰਿਹੈਂ,
ਅਪਣੇ ਅੰਦਰ ਦਾ ਹਨੇਰਾ ਦੂਰ ਕਰ।

ਅੱਜ ਦੇ ਮੁਨਸਿਫ਼ ਹੀ ਵੱਢੀ ਖੋਰਨੇ,
ਆਸ ਕੀ ਰਖਦੇ ਹੋ ਫਿਰ ਇਨਸਾਫ ਦੀ।

1. ਸਰਨਗੂੰ–ਝੁਕੇ ਹੋਏ ਸਿਰ ਨਾਲ 2. ਮੁਨਸਿਫ–ਨਿਆਂ ਕਰਨ ਵਾਲੇ


Sri Satguru Jagjit Singh Ji eLibrary NamdhariElibrary@gmail.com

ਆਉਣ ਕਰਕੇ ਹੀ ਤੇਰੇ ਕੁਝ ਠੰਢ ਸੀ,
ਭਠ ਵਾਂਗੂ ਫਿਰ ਤੱਪ ਰਿਹਾ ਤੇਰੇ ਗਿਆਂ।

ਕਾਬਲੇ-ਤਾਰੀਫ ਤੇਰੀ ਹਰ ਅਦਾ,
ਹੁਸਨ ਤੇਰੇ ਦਾ ਕੋਈ ਸਾਨੀ ਨਹੀਂ।

ਵੇਖ ਕੇ ਰਦੋ-ਬਦਲ ਹੈਰਾਨ ਹੋ,
ਸਿਫਤ ਹੈ ਸੰਸਾਰ ਦੀ ਤਬਦੀਲੀਆਂ।

ਮੈਂ ਗਮਾਂ ਫਿਕਰਾਂ ਤੋਂ ਉਚੱਾ ਹੋ ਗਿਆਂ,
ਕਰ ਲਿਆ ਦੀਦਾਰ ਜਦ ਤੋਂ ਯਾਰ ਦਾ।

ਦਾਨ ਪੁੰਨ ਕਰਦੇ ਹੋ ਵਧੀਆ ਗੱਲ ਹੈ,
ਜੇ ਵਿਖਾਵਾ ਹੈ ਤਾਂ ਸਮਝੋ ਕੁਝ ਨਹੀਂ।

ਜ਼ਿੰਦਗੀ ਦੀ ਦੌੜ ਹੀ ਜੇ ਮੁੱਕ ਗਈ,
ਲਾਭ ਕੀ ਏ ਮੁਰਦੇ ਵਾਂਗੂ ਜੀਣ ਦਾ।



Sri Satguru Jagjit Singh Ji eLibrary NamdhariElibrary@gmail.com

✣

ਅਜ ਅਚਾਨਕ ਹੋ ਗਇਆ ਦੀਦਾਰ ਜਾਂ
ਝੁੱਲਸੀਆਂ ਰੁੱਤਾਂ <u>ਮੁਅੱਤਰ</u> ਹੋ ਗਈਆਂ।

✣

ਕਰਜ਼ ਤੇਰਾ ਜਦ ਚੁਕਾ ਦੇਵਾਂਗਾਂ ਮੈਂ,
ਮਿਲਨ ਮੈਨੂੰ ਫੇਰ ਤੂੰ ਆਉਣਾਂ ਨਹੀਂ।

✣

ਉੱਸਰੀਆਂ ਨੇ ਬਹੁਤ ਉੱਚੀਆਂ ਬਿਲਡਿੰਗਾਂ,
ਦਿਨ ਬਦਿਨ ਪਰ ਸੋਚ ਨੀਵੀਂ ਹੋ ਰਹੀ।

✣

ਦੂਜਿਆਂ ਦੇ ਘਰ ਮੁਆਤੇ ਬਾਲਣੈ,
ਸਾੜ ਸਕਦੇ ਨੇ ਇਹ ਤੈਨੂੰ ਆਪ ਨੂੰ।

✣

ਕੁੱਤਿਆਂ ਨੂੰ ਘਰ ਜੇ ਮੌਕਾ ਨਾਂ ਮਿਲੇ
ਰਾਹ ਤੇ ਆ ਕੇ ਉੱਚੀ ਉੱਚੀ ਭੌਂਕਦੇ।

✣

ਇਹ ਸਮੁੰਦਰ ਕਿਓਂ ਨੇ ਖਾਰੇ ਜਾਣਲੌ,
ਧਰਤ ਮਾਂ ਦੇ ਹੰਝੂ ਕੱਠੇ ਹੋ ਗਏ।

✣


Sri Satguru Jagjit Singh Ji eLibrary NamdhariElibrary@gmail.com

ਸੱਪ ਨੂੰ ਜੇਕਰ ਬਚਾਵਾਂ ਮਰਨ ਤੋਂ,
ਏਸ ਨੇ ਡੰਗ ਮਾਰਨੋ ਟਲਣਾਂ ਨਹੀਂ।

ਦੋਸ਼ ਦਈਏ, ਕਿਸ ਨੂੰ ਚੰਗਾ ਆਖੀਏ,
ਚੰਗਿਆਂ ਮੰਦਿਆਂ ਦੈ ਰਲ-ਗੋਭਾ ਜਿਹਾ।

ਨਾਹਰੇ ਲਿਖ ਲਿਖ ਕਰ ਨਾਂ ਕੰਧਾਂ ਕਾਲੀਆਂ,
ਜ਼ਿੰਦਗੀ ਨਹੀਂ ਬਦਲਦੀ ਸੰਘਰਸ਼ ਬਿਨ।

ਪੜ੍ਹ ਲਵੋ ਗਡੱਿਆਂ ਦੇ ਗੱਡੇ ਇਲਮ ਦੇ,
ਅਮਲ ਬਿਨ ਸਭ ਕੁਝ ਬੇ-ਅਰਥਾ ਜਾਏਗਾ।

ਮੋੜ ਤੇ ਤੈਨੂੰ ਖੜਾ ਜਾਂ ਵੇਖਿਆ,
ਫਿਲਮ ਜੀਵਨ ਦੀ ਹੈ ਉਲਟੀ ਘੁੰਮ ਗਈ।

ਧੰਨ ਹਨ ਵਤਨਾਂ ਤੋਂ ਆਪਾ ਵਾਰਦੇ,
ਪਰ ਅਸਾਂ ਵੀ ਕੀ ਲੁਕਾਇਐ ਦੇਸ਼ ਤੋਂ।


Sri Satguru Jagjit Singh Ji eLibrary NamdhariElibrary@gmail.com

✣

ਤਨ ਤੇ ਮਨ ਤੇਰੈ ਕਦੇ ਵੀ ਮੰਗ ਲਵੀਂ,
ਧੰਨ ਨ ਮੰਗ ਬਹਿਣਾਂ ਜੋ ਉਕੱਾ ਹੈ ਨਹੀਂ।

✣

ਸੱਚ ਕਹਿਣਾਂ ਐ ਮਹਾਰਥੀਓ ਜ਼ਰਾ,
ਰਾਜ ਨੀਤੀ ਹੈ ਜਾਂ ਨੀਤੀ ਪੇਟ ਦੀ।

✣

ਮਨਜ਼ਿਲੇ ਮਕਸੂਦ ਵਲ ਵਧਦੇ ਰਹੋ,
ਚੁੰਮ ਲੇਵੇਗੀ ਪੈਰ ਇਕ ਦਿਨ ਆਣ ਕੇ।

✣

ਵਿਚ ਮੁਸੀਬਤ ਵੀ ਨ ਪਰਖੋ ਦੋਸਤੀ,
ਪਰਖ ਵਿਚ ਹੈ ਕੌਣ ਪੂਰਾ ਉਤਰਦਾ।

✣

ਐ ਦਿਲਾ ਨਾਂ ਬੇ-ਵਫ਼ਾ ਹੋਣਾਂ ਕਦੇ,
ਬੇ-ਵਫ਼ਾਈ ਕਰਨ ਵਾਲੇ ਬਹੁਤ ਨੇ।

✣

ਭੁੱਲ ਨ ਜਾਣਾਂ ਹਕੀਕਤ ਆਪਣੀ,
ਬੁਲਬਲਾ ਪਾਣੀ ਦਾ ਸਮਝੋ ਜ਼ਿੰਦਗੀ।

✣

1. ਮਨਜ਼ਿਲੇ ਮਕਸੂਦ-ਲੋੜੀਂਦਾ ਨਿਸ਼ਾਨਾ



Sri Satguru Jagjit Singh Ji eLibrary NamdhariElibrary@gmail.com

✣

ਨਾ-ਖ਼ੁਦਾ[1] ਕਸ਼ਤੀ ਦਾ ਬੇਈਮਾਨ ਹੈ,
ਪਾਰ ਲਗ ਸਕਣਾਂ ਅਸੰਭਵ ਏਸ ਦਾ।

✣

ਖ਼ੁਦ-ਕੁਸ਼ੀ ਕਾਇਰ ਹਮੇਸ਼ਾ ਕਰਨਗੇ,
ਪਰ ਬਹਾਦਰ ਉਲੱਝਣਾਂ ਸੰਗ ਉਲੱਝਦੇ।

✣

ਅਪਣੇ ਮਾਤ-ਹਿਤਾਂ ਨੂੰ ਤੰਗੀ ਨ ਦਿਓ,
ਖ਼ੁਦ ਕਿਸੇ ਦੇ ਤੁਸੀਂ ਵੀ ਮਾਤਿਹਤ ਹੋ।

✣

ਇਕ ਤੋਂ ਇਕ ਵੱਡਾ ਹੈ ਦੁੱਖ ਸੰਸਾਰ ਤੇ,
ਪਰ ਮੇਰਾ ਦੁਖੜਾ ਹੈ ਕੁਝ ਵਖਰਾ ਜਿਹਾ।

✣

ਮਿਲਨ ਸਜਣਾਂ ਦਾ ਹੈ ਸਾਵਨ ਰੁਤ ਜਿਹਾ,
ਐ ਦਿਲਾ ਅੱਜ ਰੱਜ ਕੇ ਇਸ ਨੂੰ ਮਾਨਲੈ।

✣

'ਅੱਜ' ਨੂੰ ਕਰਲਈਏ ਸੁਖਾਵਾਂ ਮਾਣੀਏ,
ਕਲ ਦੇ ਫਿਕਰਾਂ ਵਿਚ ਨਾ 'ਅੱਜ' ਕੌੜਾ ਕਰੋ।

✣

1. ਨਾ-ਖ਼ੁਦਾ-ਨਾਵਿਕ



Sri Satguru Jagjit Singh Ji eLibrary NamdhariElibrary@gmail.com

ਮਿਹਰ ਮਿੱਤਰਾਂ ਦੀ ਹਾਂ ਅਜ ਗੋਸ਼ਾਂ-ਨਸ਼ੀ,
ਮਹਿਵਰੇ-ਮਹਿਫ਼ਲ ਰਿਹਾ ਹਾਂ ਉਮਰ ਭਰ।

ਬਿਨ ਤੇਰੇ ਜੀਣਾਂ ਹੈ ਮੰਦਾ ਮਰਨ ਤੋਂ,
ਜੀ ਰਿਹਾ ਹਾਂ ਮੁੜ ਮਿਲਨ ਦੀ ਆਸ ਤੇ।

ਰੂਹ ਕਿਸੇ ਦੀ ਨਾਲ ਅਬਦੀ ਪਿਆਰ ਹੈ,
ਜਿਸਮ ਜਿੱਥੇ ਵੀ ਰਹੇ ਰਾਜ਼ੀ ਰਹੇ।

ਕਿਸ ਬੇ-ਦਰਦੀ ਨਾਲ ਸਾਡਾ ਵਾਹ ਪਿਐ,
ਮਾਰਦੈ ਪਰ ਰੋਣ ਵੀ ਦੇਂਦਾ ਨਹੀਂ।

ਜ਼ਿੰਦਗੀ ਭਰ ਪਿਆਰ ਜਿਥੋਂ ਲੋੜਿਆ
ਨਫ਼ਰਤਾਂ ਬਿਨ ਕੁਝ ਵੀ ਪਰ ਮਿਲਿਆ ਨਹੀਂ।

1. ਗੋਸ਼ਾਂ-ਨਸੀ-ਨੁੱਕਰੇ ਲੱਗਾ 2. ਮਹਿਵਰੇ-ਮਹਿਫਲ-ਮਹਿਫਲ ਦਾ ਕੇਂਦਰ 3. ਅਬਦੀ-ਸਦਾ ਹਰਿਣ ਵਾਲਾ



Sri Satguru Jagjit Singh Ji eLibrary NamdhariElibrary@gmail.com

✣

ਕਰਨ ਲਈ ਰੁਸਵਾਈ ਮੇਰੀ ਜ਼ਾਲਮਾਂ,
ਉਕਾ ਹੀ ਝੂਠੀ ਤੂੰ ਸੋਗੰਧ ਖਾ ਗਇਓਂ।

✣

ਏਸ ਉਮਰੇ ਜੇ ਸੀ ਏਦਾਂ ਵਿਛੜਣਾਂ,
ਪ੍ਰੀਤ ਗੰਢਾਂ ਪੀਚ ਕਿਓਂ ਸੀ ਕਰਨੀਆਂ।

✣

ਜਿਸ ਘੜੀ ਤੂੰ ਯਾਦ ਕੀਤਾ ਸੋਹਣਿਆਂ,
ਵਾਰ ਦੇਵਾਂ ਉਸ ਘੜੀ ਤੋਂ ਜ਼ਿੰਦਗੀ।

✣

ਕੱਚਿਆਂ ਦੇ ਸੰਗ ਲਾ ਕੇ ਯਾਰੀਆਂ,
ਰ੍ਹੋੜ ਬੈਠਾਂ ਸੱਚੀ ਸੁੱਚੀ ਜ਼ਿੰਦਗੀ।

✣

ਬਿਨਾਂ ਰਾਸ ਪੂੰਜੀ ਅਖੌਤੀ ਧਰਮੀਆਂ,
ਬਾਜ਼ਾਰਾਂ ਚ' ਥਾਂ ਥਾਂ ਦੁਕਾਨਾਂ ਲਗਾਈਆਂ।

✣



Sri Satguru Jagjit Singh Ji eLibrary NamdhariElibrary@gmail.com

# ਭਾਗ-ਦੂਜਾ
## ਦੋਹਿਰੇ

✣

ਕੋਇਲੇ ਬਿਰਹਾ ਮਾਰੀਏ, ਬਹੁਤਾ ਨ ਪਈ ਕੂਕ,
ਜੋ ਪ੍ਰੀਤਮ ਸੰਗ ਸੁੱਤੀਆਂ, ਸੁਣਨ ਨ ਤੇਰੀ ਹੂਕ।

✣

ਚਾਨਣ ਚਾਨਣ ਹੋਈਆਂ, ਵਿੱਥਾਂ ਖੂੰਜੇ ਵੇਖ,
ਦੀਪ-ਬਲੰਦੇ ਸੀਨਿਓ ਨਿਕਲ ਰਿਹਾ ਏ ਸੇਕ।

✣

ਮਰਨਾਂ ਹਰ ਮਾਨੁੱਖ ਨੇ ਜੀਵਨ ਝੂਠਾ ਜਾਣ,
ਪਰ ਉਹ ਮਾਨੁੱਖ ਅਮਰ ਹੈ, ਕਰੇ ਜੋ ਇਸਨੂੰ ਦਾਨ।

✣

ਕਹਿਣ ਕਰਨ ਵਿਚ ਫਰਕ ਹੈ ਧਰਤੀ ਜਿਓਂ ਆਕਾਸ਼,
ਜੋ ਇਹ ਪਾੜਾ ਮੇਲਦੇ, ਸਦ ਉਹਨਾਂ ਸ਼ਾਬਾਸ਼।

✣

ਚਾਨਣ ਚਾਨਣ ਹੋਈਆਂ, ਵਿੱਥਾਂ ਖੂੰਜੇ ਵੇਖ।
ਦੀਪ-ਬਲੰਦੇ ਸੀਨਿਓਂ ਨਿਕਲ ਰਿਹਾ ਏ ਸੇਕ।

✣



Sri Satguru Jagjit Singh Ji eLibrary NamdhariElibrary@gmail.com

ਗਰਮੀ ਗਰਮੀ ਕਰ ਰਿਹਾ ਏ.ਸੀ. ਮੂਹਰੇ ਸੇਠ,
ਸਿਖਰ ਦੁਪਹਿਰੇ ਧੁੱਪ ਨੂੰ ਕਰੇ ਮਜ਼ਾਖਾਂ ਵੇਖ।

ਚਾਰ ਚੁਫੇਰੇ ਝੁੱਲਿਆ, ਭ੍ਰਸ਼ਟਾਚਾਰ ਤੂਫਾਨ,
ਵਾੜਾਂ ਖਾਵਨ ਖੇਤ ਨੂੰ, ਰਾਖੇ ਡਾਕੂ ਜਾਣ।

ਕਾਂਡਾਂ ਅਤੇ ਘੋਟਾਲਿਆਂ ਲੁਟ ਖਾਧਾ ਏ ਦੇਸ਼,
ਰਿਸ਼ਵਤ ਭ੍ਰਸ਼ਟਾਚਾਰ ਅੱਜ ਚੰਬੜੇ ਵਾਂਗ ਸਰੇਸ਼।

ਹੇਰਾ ਫੇਰੀ ਕਰਨ ਪਰ ਲੋਕ-ਹਿਤੂ ਅਖਵਾਣ,
ਰਹਿਬਰ-ਰਹਿਜ਼ਨ ਵਿਚ ਅੱਜ ਰਹੀ ਨ ਰਤਾ ਪਛਾਣ।

ਨੇਤਾ ਮਤਲਬ ਪਰਸਤ ਨੇ ਕੀਹ ਇਹਨਾਂ ਤੋਂ ਆਸ,
ਨੈਤਕਤਾ ਦਾ ਕਰ ਰਹੇ, ਰਲ ਮਿਲ ਸਤਿਆ-ਨਾਸ।

ਸੱਜਣ ਤੋਂ ਬਲਿਹਾਰਨੇ ਜਾਨ ਕਰਾਂ ਕੁਰਬਾਨ,
ਜਿਸ ਦੇ ਆਇਆਂ ਸੋਹ ਰਹੇ ਘਰ ਆਂਗਨ ਦਾਲਾਨ।



Sri Satguru Jagjit Singh Ji eLibrary NamdhariElibrary@gmail.com

ਸਾਕੀ ਨੇ ਅਜ ਭਰ ਲਿਆ, ਮਸਤੀ ਭਰਿਆ ਜਾਮ,
ਕਿਸ ਦੀ ਕਿਸਮਤ ਜਾਗਣੀ ਕਿਸ ਨੇ ਲੈਣਾਂ ਥਾਮ।

ਪਿਆਰ ਸਿਆਸਤ ਹੈ ਨਹੀਂ ਦਲ ਬਦਲੇ ਜੋ ਨਿੱਤ,
ਝੂਠ ਨ ਇਸ ਵਿਚ ਚੱਲਦਾ, ਸੱਚ ਲੈਂਦੈ ਦਿਲ ਜਿੱਤ।

ਜੀਵਨ ਜਾਚ ਨ ਆ ਸਕੀ, ਜੀਵਨ ਚੱਲਿਆ ਬੀਤ,
ਆਓਣ ਲੱਗਾ ਕੁਝ ਢੰਗ ਸੀ, ਢੱਠੀ ਉਮਰਾ ਭੀਤ।

ਚੋਣਾਂ ਆਈਆਂ ਹੋ ਗਈਆਂ, ਬਦਲੇ ਸਭੀ ਵਜ਼ੀਰ,
ਲੋਕਾਂ ਦੇ ਦੁਖ-ਨਾਗ ਨੂੰ ਪਾਏ ਕੌਣ-ਜੰਜੀਰ।

ਪੇਸ਼ਾਵਰ ਨੇਤਾਗਣਾਂ ਲੁੱਟ ਖਾਧੇ ਨੇ ਲੋਕ,
ਦਿਨ ਦਿਨ ਮੋਟੇ ਹੋ ਰਹੇ ਜਿਓਂ ਰੱਤ ਪੀਣੀ ਜੋਕ।

ਸੱਜਣਾਂ ਤੇਰੇ ਪਿਆਰ ਦਾ, ਦੱਸ ਕੀ ਪਾਈਏ ਮੁੱਲ,
ਦੁਨੀਆਂ ਦੀ ਕੋਈ ਵਸਤ ਨਾ, ਪਿਆਰ ਤੇਰੇ ਦੇ ਤੁੱਲ।


Sri Satguru Jagjit Singh Ji eLibrary NamdhariElibrary@gmail.com

ਪਿਆਰ ਵਿਹਾਰ ਬਨਾ ਲਿਆ ਸੱਜਣਾਂ ਮਿੱਤਰਾਂ ਅੱਜ,
ਭੀੜ ਪਿਆਂ ਨਹੀ ਲੱਭਦੇ, ਖਿਸਕਣ ਪਾ ਪਾ ਪੱਜ।

ਸੁਖ ਸਨਿਹੋੜਾ ਆਪਣਾਂ ਕਦੀ ਤਾਂ ਸੱਜਣਾਂ ਘੱਲ,
ਤੱਤੀ ਰੁੱਤੇ ਠੰਢੀਆਂ, ਪੈਣਾ ਹਵਾਵਾਂ ਚੱਲ।

ਦਰਦ ਵੰਡਾਵਣ ਵਾਲਿਆਂ ਦਰਦ ਵਧਾਇਆ ਹੋਰ,
ਸਮਾਂ ਬੀਤਿਆ ਪਈ ਨਾਂ ਹਮਦਰਦੀ ਲਿਸ਼-ਕੋਰ।

ਖੂੰਜਾ ਖੂੰਜਾ ਭਾਲਿਆ, ਵਿੱਥਾਂ ਲਈਆਂ ਟੋਹ,
ਬਿਨ ਗਰਜ਼ੋਂ ਬਿਨ ਮਤਲਬੋਂ ਕਿਤੋਂ ਨ ਮਿਲਿਆ ਮੋਹ।

ਚੰਗਾ ਕਿਸ ਨੂੰ ਆਖੀਏ, ਬੁਰਾ ਕਹਾਵੇ ਕੌਣ,
ਬੰਦੇ ਦੇ ਕੰਮ ਕਾਜ ਹੀ ਬੁਰਾ ਭਲਾ ਅਖਵੌਣ।

ਮਨ ਮੰਦਰ ਵਿੱਚ ਰੱਖੀਏ, ਸੱਜਣ ਦੀ ਤਸਵੀਰ,
ਜਿਸ ਸੱਜਣ ਨੂੰ ਵੇਖਿਆਂ ਹੋਵੇ ਸ਼ਾਂਤ ਸਰੀਰ।



Sri Satguru Jagjit Singh Ji eLibrary NamdhariElibrary@gmail.com

ਵਰਖਾ ਰੁੱਤੇ ਨਿਕਲੀਆਂ ਚੀਜ ਵਹੁਟੀਆਂ ਵਾਂਗ,
ਨੇਤਾ ਏਦਾਂ ਨਿਕਲਦੇ ਵੋਟਾਂ ਦੀ ਲੈ ਮਾਂਗ।

ਯਾਰੀ ਯਾਰੀ ਕਰਦਿਆਂ, ਹੋਇਆ ਇਹ ਅੰਜਾਮ,
ਯਾਰੀ ਆਰੀ ਬਣ ਗਈ, ਕੀਤਾ ਕਾਮ ਤਮਾਮ।

ਕਿਸ ਬਿਧ ਯਾਰ ਮਨਾਈਏ, ਜਿਸ ਬਿਧ ਨਿਭ ਜੈ ਪ੍ਰੀਤ,
ਆਪਣਾਂ ਆਪ ਵੰਜਾਈਏ, ਤਾਂ ਵੱਸ ਆਵੇ ਮੀਤ।

ਵਰਖਾ ਰੁੱਤੇ ਹਰ ਨਦੀ, ਕੰਢਿਓਂ ਬਾਹਰ ਵਹੇ,
ਉਹੀ ਖੇਤ ਬਚਾਇਗੀ, ਔੜੀਂ ਜੋ ਨ ਲਹੇ।

ਚੌਂਹ. ਨੂਹਾਂ ਦੀ ਸੱਸ ਵੀ ਕਰੇ ਸਿਆਪਾ ਆਪ,
ਚਾਰ ਨੂਹਾਂ ਪੁੱਤ ਚਾਰ ਵੀ, ਹਰ ਨ ਸਕੇ ਕਲਾਪ।

ਧੀਆਂ ਪੁੱਤਾਂ ਨਾਲ ਨੇ ਨੂਹਾਂ ਪੁੱਤ ਗਲਤਾਨ,
ਵਿਹੜੇ ਲੱਗੀਆਂ ਰੌਣਕਾਂ, ਮਾਪੇ ਕੱਲ ਹੰਢਾਣ।


Sri Satguru Jagjit Singh Ji eLibrary NamdhariElibrary@gmail.com

ਸਾਰੀ ਉਮਰ ਸੰਘਰਸ਼ ਕਰ ਪਾਲ ਵਿਆਹ ਪੁਤ,
ਨੂਹਾਂ ਪੁੱਤਰ ਅੱਡ ਹੋ, ਵਿੱਥੀਂ ਦੇਵਨ ਸੁੱਟ।

ਸੁੱਖਾਂ ਸੁੱਖ ਸੁੱਖ ਪੁਤ ਮਿਲੇ, ਪਾਲੇ ਹੋਏ ਜਵਾਨ,
ਸਮਝ ਸ਼ਰੀਕ ਔਲਾਦ ਨੂੰ, ਜਾਇਦਾਦ ਵੰਡਾਣ।

ਕਦਮ ਕਦਮ ਤੇ ਉਲਝਣਾਂ, ਪੈਰ ਪੈਰ ਤੇ ਰੋਕ।
ਇਹ ਕੈਸੀ ਹੈ ਜ਼ਿੰਦਗੀ, ਇਹ ਕੈਸੇ ਨੇ ਲੋਕ।

ਕੌਣ ਕਿਸੇ ਦਾ ਮਿੱਤਰ ਹੈ, ਕੌਣ ਕਿਸੇ ਦਾ ਮੀਤ,
ਭਾਰ ਪਿਆਂ ਭੁੰਜੇ ਗਿਰੇ, ਇਹ ਰੇਤੇ ਦੀ ਭੀਤ।

ਤੂੰ ਕਹਿੰਦਾ ਹੈ ਮੈਂ ਬੁਰਾ ਮੈਂ ਕਹਿੰਦਾ ਹਾਂ ਤੂੰ,
ਬੁਰਾ ਭਲਾ ਕਿਰਦਾਰ ਹੈ, ਗੰਦਾ ਕਰੋ ਨਾਂ ਮੂੰਹ।

ਸੂਰਜ ਤਪ ਕੇ ਰਾਤ ਦਿਨ, ਰੌਸ਼ਨ ਕਰੇ ਜਹਾਨ,
ਧੁੱਪਾਂ ਸਿਰ ਤੇ ਸਹਿਣ ਰੁੱਖ, ਛਾਵੇਂ ਜਗਤ ਬਿਠਾਨ।



Sri Satguru Jagjit Singh Ji eLibrary NamdhariElibrary@gmail.com

ਮੂੰਹ ਤੇ ਸਿਫਤਾਂ ਜੋ ਕਰੇ, ਵਡਾ ਵੈਰੀ ਜਾਣ,
ਖੁਲ ਕੇ ਕਰੇ ਆਲੋਚਨਾਂ, ਉਸ ਨੂੰ ਜਾਣ ਮਹਾਨ।

ਪ੍ਰੀਤ ਹੰਢਾਵਨ ਵਾਲਿਓ, ਪ੍ਰੀਤ ਹੈ ਇਕ ਵਰਦਾਨ,
ਪ੍ਰੀਤ ਵਿਹੂਣੇ ਆਦਮੀ, ਸੁਕੇ ਸੱਕ ਸਮਾਨ।

ਦਰ ਦਰ ਫਿਰਣਾਂ ਛੱਡ ਕੇ ਇਕ ਦਰ ਬਹਿਜਾ ਯਾਰ,
ਸੱਭੇ ਥੀਨ ਨਿਆਮਤਾਂ, ਨਾਂ ਹੋ ਖੱਜਲ ਖੁਆਰ।

ਮੰਨਿਆਂ ਬਹੁਤ ਅਮੀਰ ਹੋ ਕਾਰਾਂ ਬੰਗਲੇ ਪਾਸ,
ਕਿਸੇ ਨੂੰ ਇਸ ਦਾ ਲਾਭ ਕੀ, ਕਿਸੇ ਨੂੰ ਕੀਹ ਧਰਵਾਸ।

ਜਿੰਦ ਹੇ ਸਭਦੀ ਕੀਮਤੀ ਕੀੜੀ ਹਾਥੀ ਸ਼ੇਰ,
ਨਿਕਲਣ ਲਗਿਆਂ ਸਭ ਨੂੰ ਦੁੱਖ ਹੁੰਦਾ ਏ ਢੇਰ।

ਚਾਰ ਦਿਨਾਂ ਦੀ ਜ਼ਿੰਦਗੀ, ਦੋ ਦਿਨ ਦੀ ਹੈ ਮੌਜ,
ਰੱਜ ਰੱਜ ਮੌਜਾਂ ਮਾਨ ਲੈ, ਕੂਚ ਕਰੇਗੀ ਫੌਜ।



Sri Satguru Jagjit Singh Ji eLibrary NamdhariElibrary@gmail.com

ਜਿਸ ਦੇ ਹੋਈਏ ਹੋ ਰਹੀਏ, ਝਾਕ ਨਾਂ ਰਖੀਏ ਹੋਰ,
ਜੋ ਮਨ ਥਿੜਕੇ ਸਮਝ ਲੌ, ਦੁਹੀਂ ਜਹਾਨੀਂ ਚੋਰ।

ਦਿਲ ਦੀ ਗੱਲ ਜੋ ਨ ਸੁਣੇ, ਉਹ ਕਾਹਦਾ ਏ ਮੀਤ,
ਕਿਤਨਾਂ ਚਿਰ ਤਕ ਨਿਭੇਗੀ, ਉਸ ਦੇ ਨਾਲ ਪ੍ਰੀਤ।

ਜਿੰਦ ਵਿਚਾਰੀ ਇਕ ਹੈ, ਲੱਗੇ ਦੁੱਖ ਹਜ਼ਾਰ,
ਚੜ੍ਹਿਆ ਇਕ ਤੂਫਾਨ ਹੈ, ਨਾਵ ਘਿਰੀ ਮੰਝਧਾਰ।

ਸਾਰੇ ਸੁੱਖ ਜੇ ਮਿਲ ਗਏ, ਮਾਇਆ ਦੀ ਬਹੁਤਾਤ,
ਸਿਹਤ ਬਿਨਾਂ ਕਿਸ ਕੰਮ ਨੇ ਸਭ ਸੁੱਖ ਪੈਂਦੇ ਮਾਤ।

ਨੇਕੀ ਕਰੋ ਜੇ ਕਿਸੇ ਤੇ ਕਦੇ ਜਤਾਓ ਨਾਂ,
ਕੀਤੇ ਗੁਣ ਦੇ ਇਸ ਤਰ੍ਹਾਂ, ਮੁੱਲ ਘਟਾਓ ਨਾਂ।

ਫਿਰਿਆ ਹਾਂ ਮੈਂ ਗਲੀ ਗਲੀ, ਘੁੰਮਿਆ ਸ਼ਹਿਰ ਬਾਜ਼ਾਰ,
ਦਿਲੀ ਮੁਹੱਬਤ ਨ ਮਿਲੀ ਹੋਇਆ ਬਹੁਤ ਖੁਆਰ।



Sri Satguru Jagjit Singh Ji eLibrary NamdhariElibrary@gmail.com

ਤਕ ਤੇਰੀ ਤਸਵੀਰ ਨੂੰ ਗੱਦ ਗੱਦ ਹੋਇਆ ਚਿੱਤ,
ਮਿਲਿਆਂ ਬਿਨ ਪਰ ਨ ਖੁਲ੍ਹੇ ਦਿਲ ਦੀ ਭੀੜੀ ਭਿੱਤ।

ਸਿਆਸਤ ਨ੍ਹੇਰੀ ਰਾਤ ਅੱਜ ਛਾਈ ਦੇਸ ਤੇ ਆਣ,
ਪਹੁ ਫੁੱਟਣ ਦੀ ਆਸ ਤੇ ਕਾਫਲੇ ਚਲਦੇ ਜਾਣ।

ਜੀਵਨ ਦੇ ਤ੍ਰੈ ਪੱਖ ਨੇ ਵਖਰਾ ਵਖਰਾ ਵੇਸ,
ਬਚਪਨ ਜੋਬਨ ਅੱਤ ਮਿੱਠੇ, ਕੌੜੀ ਬੁੱਢ ਵਰੇਸ।

ਰੈਣ ਗਈ ਜਗ ਦਿਨ ਚੜ੍ਹੇ, ਹੋਇਆ ਨੂਰੋ ਨੂਰ,
ਬਿਨ ਸੱਜਣ ਦਿਲ ਦਾ ਕਰੇ ਕੌਣ-ਹਨੇਰਾ ਦੂਰ।

ਕਿਸ ਧਰਤੀ ਦੇ ਲੋਕ ਨੇ ਤੋੜ ਨਿਭਾਵਨ ਬੋਲ,
ਸਾਰੀ ਉਮਰਾ ਅਸਾਂ ਤੇ ਵੇਖੇ ਢੋਲ ਦੇ ਪੋਲ।

ਸੱਜਣ ਦੇ ਦਰ ਚਲ ਮਨਾ ਝੰਡੇ ਦਈਏ ਗੱਡ,
ਜਿਸ ਬਿਨ ਹੁਣ ਤੇ ਇਕ ਘੜੀ ਰਿਹਾ ਨ ਜਾਏ ਅੱਡ।


Sri Satguru Jagjit Singh Ji eLibrary NamdhariElibrary@gmail.com

✣

ਦਿਲ ਦੀ ਘੁੰਡੀ ਖੋਲੀਏ, ਚਲ ਸੱਜਣ ਦੇ ਪਾਸ,
ਹੁਣ ਤਕ ਵਿਅਰਥ ਗਵਾ ਲਏ, ਅਪਣੇ ਸਾਰੇ-ਸੁਆਸ।

✣

ਕਿੱਦਾਂ ਦਾ ਏ ਲੋਕ-ਜੁਗ, ਕੈਸੀ ਚੋਣ ਹੈ ਯਾਰ,
ਇਕਨਾਂ ਰੱਜ ਰੱਜ ਖਾਲਿਆ, ਇਕ ਖਾਣ ਨੂੰ ਹੋਏ ਤਿਆਰ।

✣

ਅੱਗ ਬੁਝਾਵਨ ਵਾਲਿਆਂ ਲਾਂਬੂ ਫੜ ਲਏ ਹੱਥ,
ਅਪਣੀ ਜਿੰਦ ਬਚਾਣ ਲਈ, ਕਿਹੜੇ ਪਈਏ ਪੱਥ।

✣

ਨਈਆ ਮੇਰੇ ਦੇਸ ਦੀ ਅੱਜ ਘਿਰੀ ਮੰਝਧਾਰ,
ਪਾਰ ਲਗਾਵਨ ਵਾਲਿਆਂ ਕੀਤੇ ਛੇਦ ਹਜ਼ਾਰ।

✣

ਭ੍ਰਸ਼ਟਾਚਾਰ ਦੀ ਦੌੜ ਵਿਚ ਪਿੱਛੇ ਰਿਹਾ ਹੈ ਕੌਣ,
ਬਹਿਣ ਹਵਾਲਾ ਕਾਂਡ ਵਿਚ ਸਭ ਨੀਵੀਂ ਕਰ ਧੌਣ।

✣

ਪੱਥ-ਪਰਦਰਸ਼ਕ ਬੈਠ ਗਏ ਰਾਹਾਂ ਤੇ ਬਣ ਚੋਰ,
ਸ਼ਬਦਾਂ ਦੇ ਹੀਂ ਅਰਥ ਅੱਜ ਹੋਏ ਬਦਲ ਕੇ ਹੋਰ।

✣



Sri Satguru Jagjit Singh Ji eLibrary NamdhariElibrary@gmail.com

✣

ਬਰਬਾਦੀ ਦੇ ਮੋੜ ਤੇ ਖੜਾ ਹੈ ਅਜ ਸੰਸਾਰ,
ਦੇਰ ਪਲੀਤਾ ਲਾਉਣ ਦੀ ਬਣੇਗਾ ਅੱਗ ਅੰਬਾਰ।

✣

ਨਕਲੀ ਅਮਨ ਪਸੰਦ ਨੇ, ਨਕਲੀ ਅਮਨ ਪ੍ਰਚਾਰ,
ਉਹ ਕੀਹ ਅਮਨ ਕਰਾਣਗੇ, ਜੋ ਵੇਚਨ ਹਥਿਆਰ।

✣

ਗੈਰਾਂ ਉੱਤੇ ਕੀ ਗਿਲਾ ਅਪਣੇ ਬਣੇ ਨੇ ਗੈਰ,
ਮਿੱਤਰਤਾ ਆਕਾਸ ਵਿਚ ਗਰਜ਼ਾਂ ਦਾ ਹੈ ਘੇਰ।

✣

ਚਮਚਾ ਗਰੀ ਜਹਾਨ ਵਿਚ ਹੋਈ ਹੈ ਅੱਜ ਆਮ,
ਸਾਰੇ ਇਸ ਨੂੰ ਵਰਤਦੇ, ਕਿਸ ਦਾ ਲਈਏ ਨਾਮ।

✣

ਪੇਟ ਲਈ ਪਰਦੇਸ ਨੂੰ ਪੁੱਤਰ ਦਿੱਤੇ ਘੱਲ,
ਕੱਲੇ ਮਾਪੇ ਬੈਠ ਘਰ, ਸਹਿਣ ਹਿਜਰ ਦਾ ਸੱਲ।

✣

ਪਾਲੀਏ ਟੋਟੇ ਜਿਗਰ ਦੇ, ਹੋਵਨ ਜਦੋਂ ਜਵਾਨ,
ਮਾਪੇ ਸੋਚਣ ਕਦੇ ਕੂ, ਪੁੱਤ ਘਰੋਂ ਤੁਰ ਜਾਣ।

✣



Sri Satguru Jagjit Singh Ji eLibrary NamdhariElibrary@gmail.com

ਬਹੁ ਮਨਜ਼ਲੀਆਂ ਬਿਲਡਿੰਗਾਂ, ਉਸਰਨ ਹੋਣ-ਤਿਆਰ,
ਪਰ ਉਸਰਈਆਂ ਜਾਣ ਲਈ, ਬੰਨ੍ਹੇ ਅਪਣੇ ਭਾਰ।

ਨੇਕੀ ਭੁੱਲਣੀ ਕਿਸੇ ਦੀ, ਸਭ ਤੋਂ ਵੱਡਾ ਪਾਪ,
ਕਿਰਤ ਘਣਾਂ ਦੇ ਭਾਰ ਦਾ ਸਹੇ ਨ ਧਰਤ ਸੰਤਾਪ।

ਤੁਸੀਂ ਮਿਲੇ ਤਪਦੀ ਰੁੱਤੇ, ਚੱਲੀ ਜਿਵੇਂ ਸਮੀਰ,
ਸੌਣ ਘਟਾਵਾਂ ਜ਼ਿਸ ਤਰਾਂ, ਘੱਤੀ ਅੱਜ ਵਹੀਰ।

ਤੁਸੀਂ ਮਿਲੇ ਮਾਹੌਲ ਵਿਚ ਖਿੰਡ ਗਈ ਖ਼ੁਸ਼ਬੂ,
ਠੰਢੀ ਠੰਢੀ ਲਗ ਰਹੀ ਤਨ ਝੁਲਸਾਂਦੀ ਲੂ।

ਹਾੜ ਰੁੱਤੇ ਆਕਾਸ਼ ਵਿਚ ਬਦਲੀ ਦਿੱਸ ਪਈ ਇਕ
ਅਚਨ ਅਚੇਤੀ ਮਿਲਨ-ਆਸ, ਜਿਉਂ ਬੂਹੇ ਆਣ ਖਲੀ।

ਫੁਲਾਂ ਦੀ ਛੱਬ ਦੋ ਦਿਨੀਂ, ਡਿੱਗਣਗੇ ਮੁਰਝਾਏ,
ਧੰਨ ਉਹ ਫੁੱਲ ਮੁਰਝਾਂਵਦੇ ਕਿਸੇ ਦੀ ਸੇਜ ਸਜਾਏ।



Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com